ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 14 SATURDAY, 8 APRIL, 2023
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

ਅਦਾਰਾ 'ਪੰਜਾਬ ਲਿੰਕ' ਵਲੋਂ ਆਪ ਸਭ ਨੂੰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !
Happy Baisakhi

# ਪ੍ਰਵਾਸੀਆਂ ਦੀ ਮੌਤ ਪਿੱਛੋਂ ਅਮਰੀਕਾ-ਕੈਨੇਡਾ ਸ਼ਰਨ ਸਮਝੌਤਾ ਰੱਦ ਕਰਨ ਦਾ ਸੱਦਾ

ਟੋਰਾਂਟੋ-ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਅੱਠ ਪ੍ਰਵਾਸੀਆਂ ਦੀ ਮੌਤ ਪਿੱਛੋਂ ਦਰਜਨਾਂ ਮੁਜ਼ਾਹਰਾਕਾਰੀਆਂ ਨੇ ਕੈਨੇਡਾ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਦੇ ਟੋਰਾਂਟੋ ਵਿਚ ਦਫ਼ਤਰ ਸਾਹਮਣੇ ਮੁਜ਼ਾਹਰਾ ਕਰਦੇ ਹੋਏ ਕੈਨੇਡਾ ਤੇ ਅਮਰੀਕਾ ਵਿਚਕਾਰ ਸ਼ਰਣ ਸੰਧੀ ਖਤਮ ਕਰਨ ਦੀ ਮੰਗ ਕੀਤੀ। ਸੇਫ ਥਰਡ ਕੰਟਰੀ ਐਗਰੀਮੈਂਟ (ਐਸਟੀਸੀਏ) ਵਿਚ ਸੋਧ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਇਹ ਮੌਤਾਂ ਹੋਈਆਂ ਹਨ। ਨਵੀਂ ਸੋਧ ਮੁਤਾਬਿਕ ਸ਼ਰਨਾਰਥੀ ਦਾਅਵੇਦਾਰਾਂ ਨੂੰ ਕੇਵਲ ਉਸ ਦੇਸ਼ ਵਿਚ ਸ਼ਰਨ ਮੰਗਣ ਦੀ ਇਜਾਜ਼ਤ ਹੋਵੇਗੀ ਜਿਥੇ ਉਹ ਪਹਿਲਾਂ ਪਹੁੰਚਣਗੇ। ਮੁਜ਼ਾਹਰਾਕਾਰੀਆਂ ਨੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੈਂਡੀਸਿਨੋ ਨੂੰ ਇਕ ਪਟੀਸ਼ਨ ਪੇਸ਼ ਕੀਤੀ ਜਿਸ ਦਾ ਮੰਤਰਾਲਾ ਕੈਨੇਡਾ ਵਿਚ ਸਰਹੱਦੀ ਗਸ਼ਤ ਤੇ ਪੁਲਿਸ ਪ੍ਰਬੰਧ ਲਈ ਜ਼ਿੰਮੇਵਾਰ ਹੈ। ਮਾਈਗਰਾਂਟ ਵਰਕਰਜ਼ ਅਲਾਇੰਸ ਜਿਸ ਨੇ ਮੁਜ਼ਾਹਰੇ ਦਾ ਪ੍ਰਬੰਧ ਕੀਤਾ ਦੇ ਐਗਜ਼ੀਕਿਊਟਿਵ ਡਾਇਰੈਕਟਰ ਸਈਅਦ ਹਸਨ ਨੇ ਕਿਹਾ ਕਿ ਹਜ਼ਾਰਾਂ ਦਸਤਖ਼ਤਾਂ ਵਾਲੀ ਪਟੀਸ਼ਨ ਰਾਹੀਂ ਐਸਟੀਸੀਏ ਖਤਮ ਕਰਨ ਦਾ ਸੱਦਾ ਦਿੱਤਾ ਗਿਆ ਹੈ ਅਤੇ ਸਾਰੇ ਪ੍ਰਵਾਸੀਆਂ ਨੂੰ ਪਰਮਾਨੈਂਟ ਰੈਜ਼ੀਡੈਂਟ ਸਟੇਟਸ ਦੇਣ ਦੀ ਮੰਗ ਕੀਤੀ ਗਈ। ਹਸਨ ਨੇ ਕਿਹਾ ਕਿ ਲੋਕ ਲਗਾਤਾਰ ਮਰ ਰਹੇ ਹਨ। ਪਰਮਾਨੈਂਟ ਰੈਜ਼ੀਡੈਂਸ ਦੇ ਸਟੇਟਸ ਤੋਂ ਇਨਕਾਰ ਇਸ ਦੇਸ਼ ਵਿਚ ਮੌਤ ਦੀ ਸਜ਼ਾ ਬਣ ਗਿਆ ਹੈ। ਐਸਟੀਸੀਏ ਜਿਹੜਾ 2004 ਵਿਚ ਅਮਲ 'ਚ ਆਇਆ ਦਾ ਉਦੇਸ਼ ਪਨਾਹ ਮੰਗਣ ਵਾਲਿਆਂ ਦੇ ਪ੍ਰਵਾਸ ਨੂੰ ਕੰਟਰੋਲ ਕਰਨਾ ਹੈ। ਅਸਲ ਸਮਝੌਤੇ ਤਹਿਤ ਅਮਰੀਕਾ ਤੋਂ ਕੈਨੇਡਾ ਜਾਂ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਪਨਾਹਗੀਰਾਂ ਨੂੰ ਰਸਮੀ ਸਰਹੱਦੀ ਲਾਂਘਿਆਂ ਤੋਂ ਵਾਪਸ ਮੋੜ ਦਿੱਤਾ ਜਾਂਦਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਉਹ ਪਹਿਲੇ ਸੁਰੱਖਿਅਤ ਦੇਸ਼ ਵਿਚ ਪਨਾਹ ਲਈ ਅਪਲਾਈ ਕਰਨ (ਬਾਕੀ ਸਫ਼ਾ 8 'ਤੇ)



# ਬੀ.ਸੀ. ਟਰਾਂਜਿਟ ਬੱਸ ਡਰਾਇਵਰਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ



## • ਕੰਪਨੀ ਨੇ ਯੂਨੀਅਨ ਨੂੰ ਨਹੀਂ ਫੜਾਇਆ ਹੱਥ ਪੱਲਾ • ਬੱਸ ਯਾਤਰੀ ਹੋ ਰਹੇ ਨੇ ਡਾਢੇ ਪ੍ਰੇਸ਼ਾਨ

ਵੈਨਕੂਵਰ (ਬਰਾੜ-ਭਗਤਾ ਭਾਈ ਕਾ)-ਬੀ ਸੀ ਟਰਾਂਜਿਟ ਬੱਸ ਕੰਪਨੀ ਦੇ ਡਰਾਇਵਰਾਂ ਵੱਲੋਂ ਤਨਖਾਹਾਂ, ਪੈਨਸ਼ਨ ਪਲੈਨ ਅਤੇ ਛੁੱਟੀਆਂ ਨੂੰ ਲੈ ਕੇ ਕੀਤੀ ਅਣਮਿੱਥੇ ਲਈ ਹੜਤਾਲ਼ ਨੇ ਮਿਸ਼ਨ ਐਬਟਸਫੋਰਡ ਅਤੇ ਚਿਲੀਵੈਕ 'ਚ ਬੱਸ ਸੇਵਾ ਬਿਲਕੁਲ ਠੱਪ ਕਰ ਦਿੱਤੀ ਹੈ। ਕੰਪਨੀ ਨੂੰ ਇੱਕ ਛੋਟਾ ਜਿਹਾ ਝਟਕਾ ਦੇਣ ਵਾਸਤੇ 20 ਮਾਰਚ ਤੋਂ ਪਹਿਲਾਂ ਕਈ ਦਿਨ ਸਵਾਰੀਆਂ ਕੋਲ਼ੋਂ ਕਿਰਾਇਆ ਵਸੂਲਣਾਂ (ਬਾਕੀ ਸਫ਼ਾ 8 'ਤੇ)

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਫ਼ਸਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
Abbotsford Location Opening on March 15th
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

ਇੰਸ਼ੋਰੈਂਸ ਦੇ ਮਾਹਰ
Aman INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

RR Renovation
- Full House Renovation
- Basement Renovation
- Washroom Renovation
- Kitchen Renovation
- Flooring= Tiles/ Laminate
All Framing/ Sundeck
Plumbing
Siding
Electric
Paint
Drywall
FREE Estimate
Quality Work
Ravinder Rana 236 632 2116
Sandeep Singh-778 317 2200
ravinders141991@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

### Translation Services Available
STA has support staff fluent in Punjabi, Hindi and Gujarati.

### Your Needs Come First
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 14 SATURDAY, 8 APRIL, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਜਲੰਧਰ ਜ਼ਿਮਨੀ ਚੋਣ ਲਈ 'ਆਪ' ਨੇ ਸੁਸ਼ੀਲ ਰਿੰਕੂ ਨੂੰ ਉਤਾਰਿਆ ਮੈਦਾਨ ਵਿਚ

ਜਲੰਧਰ-ਜਲੰਧਰ ਜ਼ਿਮਨੀ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। 'ਆਪ' ਨੇ ਸੁਸ਼ੀਲ ਕੁਮਾਰ ਰਿੰਕੂ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਭਗਵੰਤ ਮਾਨ, ਸੰਸਦ ਮੈਂਬਰ ਰਾਘਵ ਚੱਢਾ ਅਤੇ ਜਲੰਧਰ ਤੋਂ 'ਆਪ' ਵਿਧਾਇਕਾਂ ਦੀ ਮੌਜੂਦਗੀ ਵਿੱਚ 'ਆਪ' ਵਿੱਚ ਸ਼ਾਮਲ ਹੋਏ ਸਨ। ਰਿੰਕੂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਸੁਸ਼ੀਲ ਕੁਮਾਰ ਰਿੰਕੂ ਦੀ ਮੌਜੂਦਗੀ ਪਾਰਟੀ ਨੂੰ ਜਲੰਧਰ ਹੀ ਨਹੀਂ ਸਗੋਂ ਪੂਰੇ ਦੁਆਬਾ ਖੇਤਰ ਵਿੱਚ ਮਜ਼ਬੂਤ ਕਰੇਗੀ। ਇਸ ਮੌਕੇ ਸੁਸ਼ੀਲ ਕੁਮਾਰ ਰਿੰਕੂ ਨੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਪੰਜਾਬ ਵਾਸੀਆਂ ਪ੍ਰਤੀ ਸਮਰਪਣ ਭਾਵਨਾ ਤੋਂ ਪ੍ਰਭਾਵਿਤ ਹਨ। ਉਧਰ, ਜਲੰਧਰ ਦੇ ਸਾਬਕਾ ਨਗਰ ਕੌਂਸਲਰਾਂ ਸਮੇਤ ਕਾਂਗਰਸੀ ਆਗੂਆਂ ਨੇ ਅੱਜ ਕਿਹਾ ਕਿ ਉਹ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੀ ਜਿੱਤ ਯਕੀਨੀ ਬਣਾਉਣ ਲਈ ਇਕਜੁੱਟ ਹਨ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੇ ਕਰੀਬ ਇੱਕ ਦਰਜਨ ਨਗਰ ਕੌਂਸਲਰਾਂ ਨੇ ਕਾਂਗਰਸ ਭਵਨ ਵਿੱਚ ਮੀਟਿੰਗ ਮਗਰੋਂ ਕਿਹਾ ਕਿ ਸੁਸ਼ੀਲ ਰਿੰਕੂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੱਸਦਾ ਹੈ ਕਿ 'ਆਪ' ਕੋਲ ਯੋਗ ਆਗੂ ਨਹੀਂ ਹਨ।



## ਜਿਮਨੀ ਚੋਣ ਆਪ ਸਰਕਾਰ ਦੀ ਕਾਰਗੁਜਾਰੀ ਦੇ ਆਧਾਰ 'ਤੇ ਲੜੀ ਜਾਵੇਗੀ-ਕੇਜਰੀਵਾਲ

ਜਲੰਧਰ-ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਨਸ਼ਿਆਂ ਦੇ ਕਾਰੋਬਾਰੀਆਂ ਨੂੰ ਠੱਲ੍ਹਣ ਦੇ ਮੁੱਦੇ 'ਤੇ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਟ ਦੀ ਰਿਪੋਰਟ ਵਿੱਚ ਜਿਸ ਦਾ ਨਾਂ ਆਵੇਗਾ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਿਟ ਦੀ ਜਾਂਚ ਰਿਪੋਰਟ ਆ ਚੁੱਕੀ ਹੈ ਤੇ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਜਾਂਚ ਵਾਲੇ ਲਿਫਾਫੇ ਖੋਲ੍ਹ ਲਏ ਗਏ ਹਨ। ਰਿਪੋਰਟ ਵਿੱਚ ਦਰਜ ਨਾਵਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਹਾਲੇ ਇਹ ਜਾਣਕਾਰੀ ਜਨਤਕ ਨਹੀਂ ਕੀਤੀ ਜਾ ਸਕਦੀ।

*(ਬਾਕੀ ਸਫ਼ਾ 10 'ਤੇ)*

# ਸਿੰਘ ਸਾਹਿਬ ਵਲੋਂ ਵਿਸਾਖੀ ਮੌਕੇ ਗੁਰਮਤਿ ਸਮਾਗਮ ਕਰਵਾਉਣ ਦਾ ਐਲਾਨ

ਅੰਮ੍ਰਿਤਸਰ-ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ 12 ਤੋਂ 13 ਅਪਰੈਲ ਤੱਕ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ। ਜਥੇਦਾਰ ਵੱਲੋਂ ਵਿਸਾਖੀ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਸ ਮੌਕੇ ਸਰਬੱਤ ਖਾਲਸਾ ਸੱਦਣ ਦੀ ਸੰਭਾਵਨਾ ਲਗਪਗ ਖਤਮ ਹੋ ਗਈ ਹੈ। ਜ਼ਿਕਰਯੋਗ ਹੈ ਕਿ ਜਥੇਬੰਦੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ ਕਿ ਮੌਜੂਦਾ ਹਾਲਾਤਾਂ ਨੂੰ ਵਿਚਾਰਨ ਵਾਸਤੇ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਿਆ ਜਾਵੇ। ਅੰਮ੍ਰਿਤਪਾਲ ਸਿੰਘ ਇਸ ਵੇਲੇ ਪੁਲੀਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਰੂਪੋਸ਼ ਹੈ। ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ 12 ਤੋਂ 15 ਅਪਰੈਲ ਤਕ ਗੁਰਮਤਿ ਸਮਾਗਮ ਉਲੀਕੇ ਹਨ। ਉਨ੍ਹਾਂ ਸੰਗਤ ਨੂੰ ਸਮਾਗਮਾਂ ਵਿੱਚ ਵੱਡੇ ਪੱਧਰ 'ਤੇ ਹਾਜ਼ਰੀ ਲਗਵਾਉਣ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਚਰਚਾ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 7 ਅਪਰੈਲ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਸਮਾਗਮ ਰੱਖਿਆ ਗਿਆ ਹੈ, ਜਿਸ ਵਿਚ ਪੱਤਰਕਾਰ ਭਾਈਚਾਰੇ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਖ਼ਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ 9 ਅਪ੍ਰੈਲ ਦਿਨ ਐਤਵਾਰ ਨੂੰ




ਸਰੀ-ਸਿੱਖ ਵਿਰਾਸਤੀ ਮਹੀਨੇ ਅਤੇ ਖ਼ਾਲਸਾ ਸਾਜਨਾ ਦਿਹਾੜੇ 'ਤੇ ਕਵੀ ਦਰਬਾਰ ਕਰਵਾਉਣ ਦਾ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ -ਡੈਲਟਾ ਵੱਲੋਂ ਉਪਰਾਲਾ ਕੀਤਾ ਗਿਆ ਹੈ। ਖ਼ਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ 9 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਦੀਵਾਨ, ਸਾਢੇ ਛੇ ਵਜੇ ਤੋਂ ਰਾਤੀਂ ਸਾਢੇ ਅੱਠ ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਖਾਲਸਾ ਸਾਜਨਾ ਦਿਹਾੜੇ, ਵਿਸਾਖੀ, ਸਿੱਖ ਇਤਿਹਾਸ ਅਤੇ ਬਵੰਜਾ ਕਵੀਆਂ ਦੀ ਇਤਿਹਾਸਕ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਕਵੀ ਵਡਮੁੱਲੀਆਂ ਕਵਿਤਾਵਾਂ ਸ਼ਾਮਲ ਕਰ ਸਕਦੇ ਹਨ। ਇਹ ਉਪਰਾਲਾ ਸਾਡੀ ਵਿਰਾਸਤ ਅਤੇ ਸ਼ਾਨਾਮੱਤੇ ਇਤਿਹਾਸ ਨੂੰ ਉਜਾਗਰ ਕਰਨ ਲਈ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਹਾਰਦਿਕ ਧੰਨਵਾਦ, ਕਵੀ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਆਪਣੇ ਨਾਂ ਲਿਖਵਾਏ ਜਾ ਸਕਦੇ ਹਨ। ਵਧੇਰੀ ਜਾਣਕਾਰੀ ਜਾਂ ਨਾਮ ਲਿਖਵਾਉਣ ਲਈ ਫੋਨ ਨੰਬਰਾਂ 604 598 1300, 604 499 7400, 604 726 8164 ਜਾਂ 604 825 1550 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਰੀ ਬੋਰਡ ਆਫ ਟਰੇਡ ਨੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨਾਲ ਕੀਤੀ ਮਿਲਣੀ

ਸਰੀ-ਸਰੀ ਬੋਰਡ ਆਫ ਟਰੇਡ ਨੇ ਪਿਛਲੇ ਦਿਨੀ ਸ਼ੈਰੇਟਨ ਗਿਲਡਫੋਰਡ ਵਿਖੇ ਫੈਡਰਲ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਗੱਲਬਾਤ ਦੀ ਮੇਜ਼ਬਾਨੀ ਕੀਤੀ। ਐਸਬੀਓਟੀ ਪ੍ਰਧਾਨ ਅਨੀਤਾ ਹਿਊਬਰਮੈਨ ਨੇ ਫ੍ਰੀਲੈਂਡ ਨੂੰ ਪੁੱਛਿਆ ਕਿ ਸਰੀ ਨੂੰ 2023 ਦੇ ਬਜਟ ਤੋਂ ਕਿਵੇਂ ਲਾਭ ਹੋਵੇਗਾ। ਹਿਊਬਰਮੈਨ ਨੇ ਕਿਹਾ ਕਿ ਸੂਬੇ ਅੰਦਰ ਸਰੀ ਵਿਚ ਸਭ ਤੋਂ ਜ਼ਿਆਦਾ ਨਵੇਂ ਲੋਕ ਅਤੇ ਸ਼ਰਨਾਰਥੀ ਆਏ ਹਨ ਜਿਸ ਨਾਲ ਕਿਫਾਇਤੀ ਘਰਾਂ ਦੀ ਮੰਗ ਵਧ ਗਈ ਹੈ। ਹਿਊਬਰਮੈਨ ਨੇ ਪੁੱਛਿਆ ਕਿ ਫੈਡਰਲ ਬਜਟ ਇਸ ਵਧ ਰਹੀ ਮੰਗ ਨੂੰ ਕਿਵੇਂ ਹੱਲ ਕਰੇਗਾ। ਫਰੀਲੈਂਡ ਨੇ ਜਵਾਬ ਵਿਚ ਕਿਹਾ ਕਿ ਸਰੀ ਵਾਲਿਓ ਤੁਸੀਂ ਬਹੁਤ ਵਧੀਆ ਕੰਮ ਕਰ ਰਹੇ ਹਨ ਜਿਥੇ ਨਵੇਂ ਕੈਨੇਡੀਅਨਾਂ ਦੀ ਗਿਣਤੀ ਵਧ ਰਹੀ ਹੈ। ਮੰਤਰੀ ਨੇ ਅੱਗੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਕੈਨੇਡਾ ਵਿਚ ਹੋਰ ਲੋਕਾਂ ਦਾ ਸਵਾਗਤ ਕੀਤਾ ਜਾਵੇ ਤਾਂ ਸਾਨੂੰ ਉਨ੍ਹਾਂ ਲਈ ਹੋਰ ਮਕਾਨ ਬਣਾਉਣੇ ਪੈਣਗੇ। ਪਿਛਲੇ ਸਾਲ ਦੇ ਬਜਟ ਵਿਚ 10 ਅਰਬ ਡਾਲਰ ਦੀ ਮਕਾਨਾਂ ਬਾਰੇ ਯੋਜਨਾ ਸ਼ਾਮਿਲ ਸੀ ਅਤੇ ਇਸ ਦਾ ਪੈਸਾ ਅਜੇ ਖਰਚਿਆ ਜਾ ਰਿਹਾ ਹੈ। 17 ਮਾਰਚ ਨੂੰ ਦੋ ਹਫ਼ਤੇ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਐਲਾਨੇ 4 ਅਰਬ ਡਾਲਰ ਦੇ ਹਾਊਸਿੰਗ ਐਕਸੀਲੇਟਰ ਪ੍ਰੋਗਰਾਮ ਇਸ ਯੋਜਨਾ ਦਾ ਹਿਸਾ ਹੈ ਜਿਸ ਦਾ ਉਦੇਸ਼ ਅਗਲੇ 10 ਸਾਲਾਂ ਵਿਚ ਸਮੁੱਚੇ ਕੈਨੇਡਾ ਵਿਚ 100000 ਮਕਾਨਾਂ ਦੀ ਉਸਾਰੀ ਵਿਚ ਤੇਜ਼ੀ ਲਿਆਉਣਾ ਹੈ। ਇਹ ਫੰਡ ਲੈਣ ਲਈ ਮਿਊਂਸਪਲਟੀਆਂ ਨੂੰ ਕਾਰਜ ਯੋਜਨਾਵਾਂ ਪੇਸ਼ ਕਰਨੀਆਂ ਪੈਣਗੀਆਂ ਕਿ ਉਹ ਕਿਫਾਇਤ ਦੀ ਗੱਲ ਦਿਮਾਗ ਵਿਚ ਰੱਖ ਕੇ ਤੇਜ਼ੀ ਨਾਲ ਹੋਰ ਮਕਾਨਾਂ ਦੀ ਸਪਲਾਈ ਕਿਵੇਂ ਕਰਨੀ ਚਾਹੁੰਦੀਆਂ ਹਨ। ਫਰੀਲੈਂਡ ਨੇ ਕਿਹਾ ਕਿ ਉਸ ਨੂੰ ਕੋਈ ਕਾਰਨ ਨਹੀਂ ਦਿਸਦਾ ਕਿ ਸਰੀ ਦੀ ਇਸ ਲਈ ਪਹਿਲੀ ਅਰਜ਼ੀ ਕਿਉਂ ਨਹੀਂ ਹੋਣੀ ਚਾਹੀਦੀ ਅਤੇ ਤੁਹਾਨੂੰ ਜ਼ਿਆਦਾ ਘਰ ਬਣਾਉਣ ਵਿਚ ਮਦਦ ਲਈ ਜ਼ਿਆਦਾ ਪੈਸੇ ਕਿਉਂ ਨਹੀਂ ਮਿਲਣੇ ਚਾਹੀਦੇ। ਸਰੀ ਦੀ ਮੇਅਰ ਬਰੈਂਡਾ ਲੋਕ ਜਿਹੜੀ ਉਥੇ ਹਾਜ਼ਰ ਸੀ ਨੂੰ ਸਹਿਮਤੀ ਲਈ ਸਿਰ ਹਿਲਾਉਂਦੇ ਦੇਖਿਆ ਗਿਆ। ਫਰੀਲੈਂਡ ਨੇ ਗਰੌਸਰੀ ਵਿਚ ਛੋਟ ਦੇ ਐਲਾਨ ਦਾ ਵੀ ਜ਼ਿਕਰ ਕੀਤਾ ਜਿਹੜੀ ਕੈਨੇਡੀਅਨਾਂ ਨੂੰ ਦਿੱਤੀ ਜਾਵੇਗੀ। ਛੋਟ ਦਾ ਵੱਧ ਤੋਂ ਵੱਧ ਲਾਭ ਵਿਅਕਤੀਆਂ ਅਤੇ 35000 ਡਾਲਰ ਤਕ ਦੀ ਆਮਦਨ ਵਾਲੇ ਪਰਿਵਾਰਾਂ ਨੂੰ ਦਿੱਤਾ ਜਾਂਦਾ ਹੈ।




# ਕਮਜ਼ੋਰ ਬਜ਼ੁਰਗ ਮਰੀਜ਼ ਦੀ ਸਹੀ ਦੇਖਭਾਲ ਨਾ ਕਰਨ ਵਾਲੀ ਨਰਸ ਸੰਦੀਪ ਸਰਾਓ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ

ਸਰੀ-ਬਜ਼ੁਰਗ ਕਮਜ਼ੋਰ ਮਰੀਜ਼ ਦੀ ਸਹੀ ਦੇਖਭਾਲ ਨਾ ਕਰਨ ਵਾਲੀ ਸਰੀ ਦੀ ਨਰਸ ਸੰਦੀਪ ਸਰਾਓ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੈ। ਸਰਾਓ 28 ਦਿਨਾਂ ਲਈ ਮੁਅੱਤਲੀ ਅਤੇ ਨਿਗਰਾਨੀ ਤਹਿਤ 6 ਮਹੀਨੇ ਦੀ ਪ੍ਰੈਕਟਿਸ ਲਈ ਸਹਿਮਤ ਹੋ ਗਈ। ਬੀਸੀ ਕਾਲਜ ਆਫ ਨਰਸਿਜ ਐਂਡ ਮਿਡਵਾਈਵਜ਼ ਵਲੋਂ 2 ਅਪ੍ਰੈਲ ਨੂੰ ਪੋਸਟ ਕੀਤੇ ਨੋਟਿਸ ਮੁਤਾਬਿਕ ਸੰਦੀਪ ਸਰਾਓ ਨੇ ਸਹਿਮਤੀ ਵਾਲਾ ਸਮਝੌਤਾ ਕੀਤਾ ਹੈ ਅਤੇ ਉਸ ਦੀ ਬੀਸੀਸੀਐਨਐਮ ਰਜਿਸਟਰੇਸ਼ਨ 28 ਦਿਨ ਲਈ ਮੁਅੱਤਲ ਕਰ ਦਿੱਤੀ ਗਈ ਹੈ ਅਤੇ ਅਗਲੇ 6 ਮਹੀਨਿਆਂ ਲਈ ਉਨ੍ਹਾਂ ਦੀ ਪ੍ਰੈਕਟਿਸ ਦਾ ਘੇਰਾ ਸੀਮਤ ਕਰ ਦਿੱਤਾ ਗਿਆ ਹੈ। ਨੋਟਿਸ ਕਹਿੰਦਾ ਹੈ ਕਿ ਅਨੁਸ਼ਾਸਨ ਦਾ ਉਦੇਸ਼ 25 ਤੇ 26 ਦਸੰਬਰ 2021 ਨੂੰ ਪੈਦਾ ਹੋਏ ਮੁੱਦਿਆਂ ਨੂੰ ਹੱਲ ਕਰਨਾ ਹੈ। ਨਰਸ ਨੇ ਮਰੀਜ਼ ਦੇ ਮੈਡੀਕਲ ਰਿਕਾਰਡ ਵਿਚ ਗਲਤ ਤੇ ਗੁੰਮਰਾਹ ਕਰਨ ਵਾਲੇ ਅੰਦਰਾਜ ਵੀ ਕੀਤੇ। ਨੋਟਿਸ ਅੱਗੇ ਕਹਿੰਦਾ ਕਿ ਸਰਾਓ ਜਿਸ ਦੀ ਕੰਮ ਵਾਲੀ ਥਾਂ ਦੀ ਪਛਾਣ ਨਹੀਂ ਦੱਸੀ ਗਈ, ਸਵੈਇੱਛਾ ਨਾਲ ਸ਼ਰਤਾਂ ਲਈ ਸਹਿਮਤ ਹੋ ਗਈ। ਹੋਰ ਲਾਗੂ ਕੀਤੀਆਂ ਗਈਆਂ ਸ਼ਰਤਾਂ ਵਿਚ ਨਿਗਰਾਨੀ ਤਹਿਤ 6 ਮਹੀਨਿਆਂ ਲਈ ਪ੍ਰੈਕਟਿਸ ਅਤੇ ਪੇਸ਼ੇਵਰ ਮਾਪਦੰਡ, ਕਲੀਨਿਕਲ ਫ਼ੈਸਲੇ ਲੈਣ, ਸੰਚਾਰ, ਦਸਤਾਵੇਜ਼, ਨੈਤਿਕਤਾ ਅਤੇ ਨਰਸਿੰਗ ਵਿਚ ਜੀਰੋਨਟੋਲੋਜੀ ਵਿਚ ਵਿਦਿਅਕ ਕੋਰਸਵਰਕ ਸ਼ਾਮਿਲ ਹੈ।



Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL



RAJ GILL, AMP
VANCOUVER
Unit 200-6330 Fraser St
@47 Ave & Fraser St
604 564 1000

VERICO CANADA'S TRUSTED MORTGAGE EXPERTS
Our Symbol of Care & Service
Superior Mortgage
The Banking Alternative



SHARNJIT GILL, AMP
SURREY
Unit 244 8138 128 St
604 507 1000
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB ACCREDITED BUSINESS

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for Super Visa Insurance
Money Back upon Visa Declined
Wawanesa Insurance
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Call Us Before You Renew / Buy Any
Insurance Lien & Accident Search Available

# ਸਰੀ ਕੌਂਸਲ ਵਲੋਂ 12.5 ਫ਼ੀਸਦੀ ਪ੍ਰਾਪਰਟੀ ਟੈਕਸ ਵਾਧੇ ਨਾਲ ਬਜਟ ਨੂੰ ਪ੍ਰਵਾਨਗੀ

ਸਰੀ-ਸਰੀ ਸਿਟੀ ਕੌਂਸਲ ਨੇ ਇਸ ਸਾਲ 12.5 ਫ਼ੀਸਦੀ ਪ੍ਰਾਪਰਟੀ ਟੈਕਸ ਵਿਚ ਵਾਧੇ ਨਾਲ ਸਬੰਧਤ ਬਾਈਲਾਅਜ਼ ਦੇ ਖਰੜੇ ਦੀ ਤੀਸਰੀ-ਪੜ੍ਹਤ ਨੂੰ ਪ੍ਰਵਾਨਗੀ ਦਿੱਤੀ ਜਿਸ ਨਾਲ ਇਹ ਪੇਸ਼ੀਨਗੋਈ ਕੀਤੀ ਗਈ ਕਿ ਆਰਸੀਐਮਪੀ ਹੀ ਸ਼ਹਿਰ ਦੀ ਅਧਿਕਾਰਤ ਪੁਲਿਸ ਫੋਰਸ ਰਹੇਗੀ ਅਤੇ ਦੋ ਕੌਂਸਲਰਾਂ ਲਿੰਡਾ ਐਨਿਸ ਅਤੇ ਮਨਦੀਪ ਨਾਗਰਾ ਨੇ ਵਿਰੋਧ ਵਿਚ ਵੋਟ ਦਿੱਤਾ। ਅੰਤਿਮ ਪ੍ਰਵਾਨਗੀ 17 ਅਪ੍ਰੈਲ ਨੂੰ ਦਿੱਤੇ ਜਾਣ ਦੀ ਆਸ ਹੈ। ਕੌਂਸਲਰ ਡੱਗ ਐਲਫੋਰਡ ਕੌਂਸਲ ਦੀ ਸੋਮਵਾਰ ਹੋਈ ਮੀਟਿੰਗ ਵਿਚ ਸ਼ਾਮਿਲ ਨਹੀਂ ਹੋਏ। ਨਾਗਰਾ ਨੇ ਕਿਹਾ ਕਿ ਉਹ ਇਸ ਦਾ ਵਿਰੋਧ ਕਰਦਾ ਹੈ, ਉਸ ਨੂੰ ਨਹੀਂ ਲਗਦਾ ਕਿ ਇਹ ਕਿਸੇ ਵਾਧੇ ਲਈ ਸਹੀ ਸਮਾਂ ਹੈ ਕਿਉਂਕਿ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਅਸੀਂ ਮੰਦੀ ਵਿਚੋਂ ਲੰਘ ਰਹੇ ਹੈ ਅਤੇ ਅਸੀਂ ਹਾਲ ਹੀ ਵਿਚ ਵਿਆਜ ਦਰ ਵਿਚ ਭਾਰੀ ਵਾਧੇ ਨੂੰ ਦੇਖਿਆ ਹੈ ਅਤੇ ਮੇਰਾ ਖਿਆਲ ਨਹੀਂ ਕਿ ਸਾਡੇ ਸ਼ਹਿਰ ਵਾਸੀ ਇਸ ਸਮੇਂ ਜ਼ਿਆਦਾ ਪੈਸੇ ਅਦਾ ਕਰਨ ਲਈ ਤਿਆਰ ਹਨ। ਐਨਿਸ ਨੇ ਵੀ ਇਸੇ ਤਰ੍ਹਾਂ ਦੀਆਂ ਗੱਲਾਂ ਕਹੀਆਂ। ਉਸ ਨੇ ਕਿਹਾ ਕਿ ਉਸ ਦਾ ਖਿਆਲ ਨਹੀਂ ਕਿ ਕਰਦਾਤਾ, ਕਾਰੋਬਾਰੀ ਜਾਂ ਰੈਜ਼ੀਡੈਂਟਸ ਇਸ ਸਮੇਂ 12.5 ਫ਼ੀਸਦੀ ਵਾਧੇ ਨੂੰ ਸਹਿਨ ਕਰ ਸਕਦੇ ਹਨ। ਇਹ ਸਰੀ ਵਿਚ ਰਹਿ ਰਹੇ ਬਹੁਤ ਸਾਰੇ ਪਰਿਵਾਰਾਂ ਲਈ ਵੱਡਾ ਵਾਧਾ ਹੈ। ਵਿੱਤ ਮੈਨੇਜਰ ਕੈਮ ਗਰੇਵਾਲ ਨੇ ਕਿਹਾ ਕਿ ਆਰਸੀਐਮਪੀ ਜਾਂ ਸਰੀ ਪੁਲਿਸ ਸਰਵਿਸ ਲਈ 2023 ਵਿੱਤੀ ਸਾਲ ਲਈ ਰਕਮਾਂ ਇਕ ਤਰ੍ਹਾਂ ਨਾਲ ਇਕੋ ਜਿਹੀਆਂ ਹਨ। ਗਰੇਵਾਲ ਨੇ ਦੱਸਿਆ ਕਿ ਜੇਕਰ ਪੈਸਾ ਇਕ ਕੰਮ



ਲਈ ਨਹੀਂ ਖਰਚਿਆ ਜਾਂਦਾ ਤਾਂ ਫੰਡ ਦੂਸਰੇ ਕੰਮ ਲਈ ਵਰਤਿਆ ਜਾ ਸਕਦਾ ਹੈ ਜਾਂ ਭਵਿੱਖ ਦੇ ਸਾਲਾਂ ਲਈ ਰੱਖਿਆ ਜਾ ਸਕਦਾ ਹੈ ਅਤੇ ਸਾਰੀ ਗੱਲ ਕੌਂਸਲ ਦੀ ਮਰਜ਼ੀ 'ਤੇ ਨਿਰਭਰ ਕਰਦੀ ਹੈ। 2023 ਲਈ ਸਾਡੇ ਵਿਸ਼ਲੇਸ਼ਣ ਸੰਕੇਤ ਦਿੰਦੇ ਹਨ ਕਿ ਭਾਵੇਂ ਆਰਸੀਐਮਪੀ ਰਹੇ ਜਾਂ ਐਸਪੀਐਸ ਬਜਟ ਦੀ ਵੰਡ ਉਹੀ ਰਹੇਗੀ। ਸਿਟੀ ਹਾਲ ਵਿਖੇ ਜਨਤਕ ਸੁਣਵਾਈ ਵਿਖੇ ਨਾਰਾਜ਼ ਸਰੀ ਵਾਸੀਆਂ ਵਲੋਂ ਨਿਖੇਧੀ ਕੀਤੇ ਜਾਣ ਪਿੱਛੋਂ 6 ਮਾਰਚ ਨੂੰ ਵਿੱਤ ਕਮੇਟੀ ਨੇ 17.5 ਫ਼ੀਸਦੀ ਟੈਕਸ ਵਾਧੇ ਵਾਲੇ ਸ਼ਹਿਰ ਦੇ ਪ੍ਰਸਤਾਵਤ ਬਜਟ ਨੂੰ ਰੱਦ ਕਰ ਦਿੱਤਾ ਸੀ। ਕੌਂਸਲ ਵਲੋਂ ਸਿਟੀ ਸਟਾਫ ਨੂੰ ਪ੍ਰਾਪਰਟੀ ਟੈਕਸ ਵਾਧਾ 12.5 ਫ਼ੀਸਦੀ ਤਕ ਸੀਮਤ ਕਰਨ ਦੀ ਹਦਾਇਤ ਦੇਣ ਪਿੱਛੋਂ 3 ਅਪ੍ਰੈਲ ਨੂੰ ਕੌਂਸਲ ਦੇ ਸਾਹਮਣੇ ਵਿਚਾਰ ਵਟਾਂਦਰੇ ਲਈ ਸੋਧਿਆ ਹੋਇਆ ਬਜਟ ਪੇਸ਼ ਕੀਤਾ ਗਿਆ ਸੀ।

## ਬੀ.ਸੀ. ਦੇ ਸਾਬਕਾ ਪ੍ਰੀਮੀਅਰ ਜੌਹਨ ਹੌਰਗਨ ਕੋਲਾ ਕਾਰੋਬਾਰ ਦੇ ਬੋਰਡ 'ਚ ਹੋਏ ਸ਼ਾਮਿਲ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਜੌਹਨ ਹੌਰਗਨ ਕੋਲਾ ਸਨਅਤ ਵਿਚ ਕੰਮ ਕਰਨ ਲੱਗ ਪਏ ਹਨ ਅਤੇ ਕਿਹਾ ਕਿ ਉਹ ਇਸ ਕਦਮ ਦੀ ਆਲੋਚਨਾ ਤੋਂ ਚਿੰਤਤ ਨਹੀਂ। ਹੌਰਗਨ ਜਿਹੜੇ ਪ੍ਰੀਮੀਅਰ ਬਣਨ ਤੋਂ ਪਹਿਲਾਂ ਬੀਸੀ ਨਿਊ ਡੈਮੋਕਰੈਟਸ ਦੇ ਮਾਈਨਿੰਗ ਤੇ ਐਨਰਜੀ ਆਲੋਚਕ ਸਨ ਐਲਕ ਵੈਲੀ ਰਿਸੋਰਸਜ਼ ਦੇ ਬੋਰਡ ਵਿਚ ਸ਼ਾਮਿਲ ਹੋ ਰਹੇ ਹਨ। ਇਹ ਕੰਪਨੀ ਵੈਨਕੂਵਰ ਆਧਾਰਤ ਟੈਕ ਰਿਸੋਰਸਜ਼ ਲਿਮਟਿਡ ਤੋਂ ਵੱਖ ਹੋਣ ਦੀ ਪ੍ਰਕਿਰਿਆ ਵਿਚ ਹੈ। ਨਵਾਂ ਕਾਰੋਬਾਰ ਸਟੀਲ ਬਣਾਉਣ ਲਈ ਵਰਤਿਆ ਜਾਣ ਵਾਲਾ ਕੋਲਾ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕਰੇਗਾ। ਪਿਛਲੇ ਸਾਲ ਪਾਰਟੀ ਨੇਤਾ ਵਜੋਂ ਹਟਣ ਤੋਂ ਪਹਿਲਾਂ ਉਸ ਦਾ ਵੱਡਾ ਕੌਮੀ ਪ੍ਰੋਫਾਈਲ ਸੀ ਕਿਉਂਕਿ ਉਹ ਉਨ੍ਹਾਂ ਕੁਝ ਨਿਊ ਡੈਮੋਕਰੈਟਸ ਵਿਚ ਇਕ ਹੈ ਜਿਨ੍ਹਾਂ ਨੇ ਹਾਲ ਹੀ ਵਿਚ ਸਰਕਾਰਾਂ ਦੀ ਅਗਵਾਈ ਕੀਤੀ ਹੈ। 64 ਸਾਲਾ ਹੌਰਗਨ 2017 ਤੋਂ ਪਿਛਲੇ ਸਾਲ ਨਵੰਬਰ ਤਕ ਪ੍ਰੀਮੀਅਰ ਰਹੇ। ਪ੍ਰੀਮੀਅਰ ਦੀ ਭੂਮਿਕਾ ਵਿਚ ਦੋ ਵਾਰ ਜਿੱਤਣ ਵਾਲਾ ਉਹ ਪਹਿਲਾ ਬੀਸੀ ਨਿਊ ਡੈਮੋਕਰੈਟ ਹੈ। ਸਾਬਕਾ ਅਟਾਰਨੀ ਜਨਰਲ ਡੇਵਿਡ ਏਬੀ ਉਨ੍ਹਾਂ ਦੀ ਥਾਂ ਸੂਬੇ ਦੇ ਐਨਡੀਪੀ ਲੀਡਰ ਤੇ ਪ੍ਰੀਮੀਅਰ ਬਣੇ ਸਨ।

## ਸਰੀ ਕੌਂਸਲ ਨੇ ਖਤਮ ਕੀਤੀ 10 ਡਾਲਰ ਐਫਓਆਈ ਅਰਜ਼ੀ ਫੀਸ

ਸਰੀ-2022 ਦੀ ਚੋਣ ਮੁਹਿੰਮ ਦੌਰਾਨ ਸਰੀ ਕੁਨੈਕਟ ਦੀ ਬਰੈਂਡਾ ਲੋਕ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਲੇਟ ਫਰੀਡਮ ਆਫ ਇਨਫਰਮੇਸ਼ਨ ਅਰਜ਼ੀ ਫੀਸ ਨੂੰ ਖਤਮ ਕਰ ਦੇਵੇਗੀ। ਸਰੀ ਸਿਟੀ ਕੌਂਸਲ ਨੇ ਸੋਮਵਾਰ ਫਰੀਡਮ ਆਫ ਇਨਫਰਮੇਸ਼ਨ ਦੀਆਂ ਬੇਨਤੀਆਂ ਲਈ 10 ਡਾਲਰ ਦੀ ਅਰਜ਼ੀ ਫੀਸ ਖਤਮ ਕਰ ਦਿੱਤੀ ਹੈ। ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ (ਐਫਓਆਈਪੀਪੀਏ) ਤਹਿਤ ਸੂਬੇ ਵਲੋਂ 25 ਨਵੰਬਰ 2021 ਨੂੰ ਸਥਾਨਕ ਸਰਕਾਰਾਂ ਫੀਸ ਲੈਣ ਦਾ ਵਿਕਲਪ ਦੇਣ ਪਿੱਛੋਂ ਸਰੀ ਸ਼ਹਿਰ ਨੇ 2022 ਦੇ ਸ਼ੁਰੂ ਵਿਚ ਨਾ-ਮੁੜਨਯੋਗ ਫੀਸ ਲਾਗੂ ਕੀਤੀ ਸੀ।

# ਬੀਸੀ ਤੇ ਅਲਬਰਟਾ ਵਿਚਕਾਰ ਹਾਈਵੇਅ ਇਕ ਹੋਵੇਗਾ ਪੰਜ ਦਿਨ ਲਈ ਬੰਦ

ਵੈਨਕੂਵਰ-ਕਿਕਿੰਗ ਹੌਰਸ ਕੈਨਿਯਨ ਵਿਖੇ ਗੋਲਡਨ ਦੇ ਪੂਰਬ ਵਾਲੇ ਪਾਸੇ ਹਾਈਵੇਅ ਇਕ 11 ਅਪ੍ਰੈਲ ਤੋਂ 15 ਅਪ੍ਰੈਲ ਤਕ ਬੰਦ ਰਹੇਗਾ। ਅਲਬਰਟਾ ਅਤੇ ਬੀਸੀ ਵਿਚਕਾਰ ਸਫਰ ਦੇ ਮੁੱਖ ਰਾਹਾਂ ਵਿਚੋਂ ਇਕ ਪੰਜ ਦਿਨਾਂ ਲਈ ਬੰਦ ਰਹੇਗਾ ਕਿਉਂਇਕ ਵੱਡੇ ਹਾਈਵੇਅ ਪ੍ਰਾਜੈਕਟ ਦਾ ਅਗਲਾ ਪੜਾਅ ਪੂਰਾ ਹੋਣ ਦੇ ਨੇੜੇ ਪਹੁੰਚਾ ਹੋਇਆ ਹੈ। ਕਿਕਿੰਗ ਹੌਰਸ ਕੈਨਿਯਨ ਰਾਹੀਂ ਲੰਘਦਾ ਹਾਈਵੇਅ ਇਕ 11 ਅਪ੍ਰੈਲ ਤੋਂ 15 ਅਪ੍ਰੈਲ ਦੇ ਰਾਤ 11.59 ਵਜੇ ਤਕ ਬੰਦ ਰਹੇਗਾ। ਸਾਰੀ ਆਵਾਜਾਈ ਹਾਈਵੇਅਜ਼ 93 ਐਸ ਅਤੇ 95 ਰਾਹੀਂ ਭੇਜੀ ਜਾਵੇਗੀ ਜਿਸ ਨਾਲ ਲਗਪਗ 1.5 ਘੰਟੇ ਦਾ ਵਾਧੂ ਸਮਾਂ ਲੱਗੇਗਾ। ਜਿਹੜੇ ਲੋਕ ਹਾਈਵੇਅ ਇਕ 'ਤੇ ਜਾਣਾ ਚਾਹੁੰਣਗੇ ਉਨ੍ਹਾਂ ਨੂੰ ਲੇਕ ਲੂਈਸ ਤੋਂ ਪਹਿਲਾਂ ਹਾਈਵੇਅ 93 'ਤੇ ਜਾਣਾ ਪਵੇਗਾ ਅਤੇ ਗੋਲਡਨ ਵਿਖੇ ਪਹੁੰਚਣ ਤਕ ਹਾਈਵੇਅ 95 'ਤੇ ਰਹਿਣਾ ਪਵੇਗਾ। ਪਹਿਲਾਂ ਤੋਂ ਲਏ ਪਰਮਿਟਾਂ ਨਾਲ ਸਵੇਰੇ 7 ਵਜੇ ਤੋਂ ਸ਼ਾਮ 4.30 ਵਜੇ ਤਕ ਰਸਤਾ ਥੋੜੇ ਸਮੇਂ ਲਈ ਖੋਲ੍ਹਿਆ ਜਾਵੇਗਾ ਅਤੇ ਸਕੂਲ ਬੱਸਾਂ ਅਤੇ ਐਮਰਜੈਂਸੀ ਮੋਟਰ ਗੱਡੀਆਂ ਨੂੰ ਐਸਕਾਰਟ ਮੁਹੱਈਆ ਕੀਤੀ ਜਾਵੇਗੀ। ਡਰਾਈਵਰਾਂ ਨੂੰ ਬਦਲਵੇਂ ਰੂਟ 'ਤੇ ਸਫਰ ਕਰਦੇ ਸਮੇਂ ਜੰਗਲੀ ਜਾਨਵਰਾਂ, ਸਕੂਲੀ ਬੱਚਿਆਂ ਤੇ ਸਕੂਲ ਬੱਸਾਂ ਦਾ ਖਿਆਲ ਰੱਖਣ



ਲਈ ਕਿਹਾ ਗਿਆ ਹੈ। ਕਿਕਿੰਗ ਹੌਰਸ ਕੈਨਿਯਨ ਪ੍ਰਾਜੈਕਟ 2023-24 ਦੀਆਂ ਸਰਦੀਆਂ ਵਿਚ ਮੁਕੰਮਲ ਹੋਣ ਦੀ ਆਸ ਹੈ ਅਤੇ ਇਸ ਦਾ ਉਦੇਸ਼ ਕਿਕਿੰਗ ਹੌਰਸ ਕੈਨਿਯਨ ਰਾਹੀਂ ਸਫਰ ਕਰਨ ਵਾਲੇ ਲੋਕਾਂ ਨੂੰ ਵਧੇਰੇ ਭਰੋਸੇਯੋਗ ਚਾਰ ਮਾਰਗੀ ਰੂਟ ਮੁਹੱਈਆ ਕਰਨਾ ਹੈ।

## ਘਾਤਕ ਮੋਟਰਸਾਈਕਲ ਦੁਰਘਟਨਾ ਵਿਚ 49 ਸਾਲਾ ਵਿਅਕਤੀ ਦੀ ਮੌਤ

ਐਬਟਸਫੋਰਡ-ਫਰੇਜ਼ਰ ਹਾਈਵੇਅ 'ਤੇ ਦੋ ਮੋਟਰਸਾਈਕਲ ਡਰਾਈਵਰ ਸੜਕ ਦੇ ਵਿਚਕਾਰ ਪੈਂਦੇ ਇਕ ਦਰੱਖਤ ਨਾਲ ਟਕਰਾ ਗਏ। ਪੁਲਿਸ ਨੇ ਦੱਸਿਆ ਕਿ ਕਲੇਟਨ ਹਾਈਟਸ ਵਿਚ ਪਿਛਲੇ ਦਿਨੀ 49 ਸਾਲਾ ਵਿਅਕਤੀ ਦਾ ਮੋਟਰ ਸਾਈਕਲ ਕੰਟਰੋਲ ਤੋਂ ਬਾਹਰ ਹੋ ਕੇ ਸੈਂਟਰ ਮੇਡੀਅਨ ਨਾਲ ਟਕਰਾ ਗਿਆ ਜਿਸ ਨਾਲ ਉਸ ਦੀ ਮੌਤ ਹੋ ਗਈ। ਸ਼ਾਮ 6 ਵਜੇ ਦੇ ਲਗਪਗ ਜਦੋਂ ਦੁਰਘਟਨਾ ਵਾਪਰੀ ਤਾਂ ਦੋ ਮੋਟਰਸਾਈਕਲ ਸਵਾਰ 182 ਸਟਰੀਟ ਨੇੜੇ ਫਰੇਜ਼ਰ ਹਾਈਵੇਅ 'ਤੇ ਪੂਰਬ ਵਾਲੇ ਪਾਸੇ ਨੂੰ ਜਾ ਰਹੇ ਸਨ। ਦੋਵਾਂ ਸਵਾਰਾਂ ਦਾ ਮੋਟਰ ਸਾਈਕਲਾਂ 'ਤੇ ਕੰਟਰੋਲ ਖੁਸ ਗਿਆ ਅਤੇ ਉਹ ਸੈਂਟਰ ਮੇਡੀਅਨ ਨਾਲ ਟਕਰਾਅ ਗਏ। 49 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਦੂਸਰੇ ਮਰਦ ਮੋਟਰਸਾਈਕਲ ਸਵਾਰ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸਰੀ ਆਰਸੀਐਮਪੀ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਇਸ ਦੁਰਘਟਨਾ ਲਈ ਸ਼ਰਾਬ ਦੀ ਵਰਤੋਂ ਅਤੇ ਤੇਜ਼ ਰਫਤਾਰ ਦੇ ਕਾਰਨਾਂ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਭਾਜਪਾ ਮੁਲਕ 'ਚ ਭ੍ਰਿਸ਼ਟਾਚਾਰ ਤੇ ਭਾਈ ਭਤੀਜਾਵਾਦ ਨੂੰ ਖਤਮ ਕਰਨ ਲਈ ਦ੍ਰਿੜ ਸੰਕਲਪ-ਮੋਦੀ

## ਭਾਜਪਾ ਦਾ 44ਵਾਂ ਸਥਾਪਨਾ ਦਿਵਸ ਮਨਾਇਆ



ਨਵੀਂ ਦਿੱਲੀ (ਦਿਓਲ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਦਾ ਸੱਭਿਆਚਾਰ ਪਰਿਵਾਰਵਾਦ, ਵੰਸ਼ਵਾਦ, ਜਾਤੀਵਾਦ ਅਤੇ ਖੇਤਰਵਾਦ ਦਾ ਰਿਹਾ ਹੈ, ਜਦਕਿ ਭਾਰਤੀ ਜਨਤਾ ਪਾਰਟੀ ਦਾ ਸਿਆਸੀ ਸੱਭਿਆਚਾਰ ਹਰ ਦੇਸ਼ ਵਾਸੀ ਨੂੰ ਨਾਲ ਲੈ ਕੇ ਚੱਲਣ ਦੀ ਹੈ। ਭਾਜਪਾ ਦੇ 44ਵੇਂ ਸਥਾਪਨਾ ਦਿਵਸ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਮੋਦੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਭਾਰਤ ਨੂੰ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਕਾਨੂੰਨ ਵਿਵਸਥਾ ਦੀਆਂ ਚੁਣੌਤੀਆਂ ਤੋਂ ਮੁਕਤ ਕਰਨ ਲਈ ਸਖ਼ਤ ਕਦਮ ਚੁੱਕਣ ਲਈ ਦ੍ਰਿੜ ਹੈ। ਇਸ ਮੌਕੇ ਉਨ੍ਹਾਂ ਭਗਵਾਨ ਹਨੂੰਮਾਨ ਅਤੇ ਭਾਜਪਾ ਦੇ ਸਮਾਨਤਾਵਾਂ ਨੂੰ ਦੱਸੀਆਂ ਅਤੇ ਕਿਹਾ ਕਿ ਪਾਰਟੀ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਵਿੱਚ ਵਿਸ਼ਵਾਸ ਰੱਖਦੀ ਹੈ।

# ਸੁਪਰੀਮ ਕੋਰਟ ਵਲੋਂ ਮੀਡੀਆ ਚੈਨਲ ਉਪਰ ਪਾਬੰਦੀ ਨੂੰ ਲੈਕੇ ਗ੍ਰਹਿ ਮੰਤਰਾਲੇ ਦੀ ਝਾੜ ਝੰਬ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਮਲਿਆਲਮ ਨਿਊਜ਼ ਚੈਨਲ 'ਮੀਡੀਆਵਨ' ਦੇ ਟੈਲੀਕਾਸਟ 'ਤੇ ਲਾਈ ਪਾਬੰਦੀ ਹਟਾ ਦਿੱਤੀ ਹੈ। ਸਿਖਰਲੀ ਕੋਰਟ ਨੇ ਬਿਨਾਂ ਕਿਸੇ ਠੋਸ ਤੱਥ ਦੇ ਕੌਮੀ ਸੁਰੱਖਿਆ ਦਾ ਮਸਲਾ ਉਭਾਰਨ ਲਈ ਗ੍ਰਹਿ ਮੰਤਰਾਲੇ ਦੀ ਝਾੜ-ਝੰਬ ਵੀ ਕੀਤੀ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਕੇਰਲਾ ਹਾਈ ਕੋਰਟ ਦੇ ਫੈਸਲੇ, ਜਿਸ ਵਿੱਚ ਸੁਰੱਖਿਆ ਕਾਰਨਾਂ ਦੇ ਹਵਾਲੇ ਨਾਲ ਕੇਂਦਰ ਵੱਲੋਂ ਚੈਨਲ ਦੇ ਟੈਲੀਕਾਸਟ 'ਤੇ ਲਾਈ ਪਾਬੰਦੀ ਨੂੰ ਬਰਕਰਾਰ ਰੱਖਿਆ ਗਿਆ ਸੀ, ਨੂੰ ਰੱਦ ਕਰ ਦਿੱਤਾ। ਸਿਖਰਲੀ ਕੋਰਟ ਨੇ ਕਿਹਾ ਕਿ ਸਰਕਾਰ ਪ੍ਰੈੱਸ 'ਤੇ ਬੇਤੁਕੀਆਂ ਪਾਬੰਦੀਆਂ ਨਹੀਂ ਲਾ ਸਕਦੀ ਕਿਉਂਕਿ ਇਸ ਨਾਲ ਪ੍ਰੈੱਸ ਦੀ ਆਜ਼ਾਦੀ 'ਤੇ ਨਿਰਾਸ਼ਾਜਨਕ ਅਸਰ ਪਏਗਾ। ਕੋਰਟ ਨੇ ਸਾਫ਼ ਕਰ ਦਿੱਤਾ ਕਿ ਸਰਕਾਰੀ ਨੀਤੀਆਂ ਖਿਲਾਫ਼ ਚੈਨਲ ਦੇ ਆਲੋਚਨਾਤਮਕ ਵਿਚਾਰਾਂ ਨੂੰ ਸਰਕਾਰ ਵਿਰੋਧੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਮਜ਼ਬੂਤ ਜਮਹੂਰੀਅਤ ਲਈ ਆਜ਼ਾਦ ਪ੍ਰੈੱਸ ਦਾ ਹੋਣਾ ਬਹੁਤ ਜ਼ਰੂਰੀ ਹੈ।

# ਟਰੰਪ ਨੂੰ ਪੇਸ਼ੀ ਦੌਰਾਨ ਪੁਲਿਸ ਹਿਰਾਸਤ ਵਿਚ ਲਿਆ



ਨਿਊਯਾਰਕ-ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪੇਸ਼ੀ ਮੌਕੇ ਪੁਲੀਸ ਨੇ ਇਹਤਿਆਤ ਵਜੋਂ ਹਿਰਾਸਤ ਵਿੱਚ ਲੈ ਲਿਆ। ਟਰੰਪ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ ਅਪਰਾਧਿਕ ਦੋਸ਼ਾਂ ਕਰਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਖਰੀ ਖ਼ਬਰਾਂ ਲਿਖੇ ਜਾਣ ਤੱਕ ਟਰੰਪ ਦੀ ਸਜ਼ਾ ਨੂੰ ਲੈ ਕੇ ਸ਼ਸ਼ੋਪੰਜ ਬਰਕਰਾਰ ਸੀ। ਇਸ ਤੋਂ ਪਹਿਲਾਂ ਟਰੰਪ ਅੱਠ ਕਾਰਾਂ ਦੇ ਕਾਫ਼ਲੇ ਵਿੱਚ ਮੈਨਹਟਨ ਦੀ ਕੋਰਟ ਪੁੱਜੇ। ਉਹ ਮੁੱਖ ਰਸਤੇ ਦੀ ਥਾਂ ਸਾਈਡ ਵਾਲੇ ਗੇਟ ਰਾਹੀਂ ਅਦਾਲਤ ਵਿੱਚ ਦਾਖ਼ਲ ਹੋਏ। ਪੇਸ਼ੀ ਮੌਕੇ ਉਨ੍ਹਾਂ ਦੇ ਫਿੰਗਰਪ੍ਰਿੰਟ ਤੇ ਮੱਗ ਸ਼ਾਟ ਲਏ ਜਾਣ ਦੀ ਵੀ ਉਮੀਦ ਹੈ। ਸੀਐੱਨਐੱਨ ਨੇ ਆਪਣੀ ਇਕ ਰਿਪੋਰਟ ਵਿੱਚ ਕਿਹਾ, "ਟਰੰਪ ਮੈਨਹਟਨ ਜ਼ਿਲ੍ਹਾ ਅਟਾਰਨੀ ਦਫ਼ਤਰ ਵਿੱਚ ਪੁਲੀਸ ਦੀ ਹਿਰਾਸਤ ਵਿੱਚ ਹੈ।" ਰਿਪੋਰਟ ਮੁਤਾਬਕ ਟਰੰਪ ਜੱਜ ਜੁਆਂ ਮਰਚਨ ਅੱਗੇ ਆਤਮ ਸਮਰਪਣ ਕਰ ਸਕਦੇ ਹਨ। ਟਰੰਪ ਉੱਤੇ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੌਰਨ ਫਿਲਮ ਸਟਾਰ ਸਟੌਰਮੀ ਡੈਨੀਅਲਜ਼ ਨੂੰ ਕੁਝ ਗੱਲਾਂ ਗੁਪਤ ਰੱਖਣ ਲਈ ਦਿੱਤੇ ਪੈਸੇ ਦੇਣ ਦਾ ਦੋਸ਼ ਹੈ। ਸਾਬਕਾ ਰਾਸ਼ਟਰਪਤੀ ਦੀ ਪੇਸ਼ੀ ਮੌਕੇ ਕੋਰਟ ਦੇ ਬਾਹਰ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਮੌਜੂਦ ਸਨ। ਇਸ ਦੌਰਾਨ ਉਥੇ ਦੂਜੀ ਧਿਰ ਦੇ ਹਮਾਇਤੀ ਵੀ ਮੌਜੂਦ ਸਨ, ਜਿਨ੍ਹਾਂ ਟਰੰਪ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਦੋਵਾਂ ਧਿਰਾਂ ਨੂੰ ਇਕ ਦੂਜੇ ਤੋਂ ਅੱਡ ਰੱਖਣ ਲਈ ਪੁਲੀਸ ਨੂੰ ਖਾਸੀ ਮੁਸ਼ੱਕਤ ਕਰਨੀ ਪਈ। ਉਧਰ ਅਮਰੀਕੀ ਮੀਡੀਆ ਨੇ ਟਰੰਪ ਦੇ ਵਕੀਲਾਂ ਦੇ ਹਵਾਲੇ ਨਾਲ ਕਿਹਾ ਕਿ 2024 ਵਿੱਚ ਦੂਜੀ ਵਾਰ ਵ੍ਹਾਈਟ ਹਾਊਸ ਪੁੱਜਣ ਦੇ ਚਾਹਵਾਨ ਰਿਪਬਲਿਕਨ ਆਗੂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਪ੍ਰਵਾਨ ਨਹੀਂ ਕਰਨਗੇ। ਟਰੰਪ (76) ਆਪਣੇ ਆਵਾਸ ਤੋਂ ਸੋਮਵਾਰ ਨੂੰ ਬੋਇੰਗ 757 ਜਹਾਜ਼ ਰਾਹੀਂ ਨਿਊਯਾਰਕ ਲਈ ਰਵਾਨਾ ਹੋਏ ਸੀ ਅਤੇ ਲਾ ਗਾਰਡੀਆ ਹਵਾਈ ਅੱਡੇ 'ਤੇ ਪੁੱਜੇ। ਟਰੰਪ ਦੀ ਪੇਸ਼ੀ ਤੋਂ ਪਹਿਲਾਂ ਅੱਜ ਇਹਤਿਆਤ ਵਜੋਂ ਟਰੰਪ ਟਾਵਰ ਦੀਆਂ ਨੇੜਲੀਆਂ ਸੜਕਾਂ ਦੀ ਘੇਰਾਬੰਦੀ ਕੀਤੀ ਗਈ ਹੈ।

# ਮੁਕੇਸ਼ ਅੰਬਾਨੀ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ



ਨਵੀਂ ਦਿੱਲੀ-ਫੋਰਬਜ਼ ਵੱਲੋਂ ਸਭ ਤੋਂ ਅਮੀਰ ਵਿਅਕਤੀਆਂ ਦੀ ਜਾਰੀ ਕੀਤੀ ਗਈ ਸੂਚੀ ਵਿਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਮੁੜ ਤੋਂ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਇਸ ਤੋਂ ਪਹਿਲਾਂ ਇਸ ਸੂਚੀ ਵਿਚ ਸਿਖਰਲੇ ਸਥਾਨ 'ਤੇ ਗੌਤਮ ਅਡਾਨੀ ਸਨ ਜੋ ਫੋਰਬਜ਼ ਦੀ ਬਿਲੀਅਨੇਅਰ 2023 ਸੂਚੀ ਵਿਚ 24ਵੇਂ ਸਥਾਨ 'ਤੇ ਖਿਸਕ ਗਏ ਹਨ। ਇਸ ਤੋਂ ਪਹਿਲਾਂ ਅਡਾਨੀ 24 ਜਨਵਰੀ ਨੂੰ ਦੁਨੀਆ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਸਨ ਜਦੋਂ ਉਸ ਦੀ ਕੁੱਲ ਜਾਇਦਾਦ ਲਗਪਗ 126 ਬਿਲੀਅਨ ਡਾਲਰ ਸੀ ਪਰ ਅਮਰੀਕੀ ਕੰਪਨੀ ਵਲੋਂ ਜਾਰੀ ਕੀਤੀ ਰਿਪੋਰਟ ਤੋਂ ਬਾਅਦ ਅਡਾਨੀ ਦੇ ਸ਼ੇਅਰਾਂ ਦੀ ਕੀਮਤ ਲਗਾਤਾਰ ਡਿੱਗਦੀ ਰਹੀ। ਫੋਰਬਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਵੇਲੇ ਅਡਾਨੀ ਦੀ ਕੁੱਲ ਜਾਇਦਾਦ 47.2 ਬਿਲੀਅਨ ਡਾਲਰ ਹੈ। ਦੂਜੇ ਪਾਸੇ ਅੰਬਾਨੀ ਦੀ ਕੁੱਲ ਜਾਇਦਾਦ 83.4 ਬਿਲੀਅਨ ਡਾਲਰ ਹੈ।

# ਸਾਬਕਾ ਐਸ.ਐਚ.ਓ. ਸੁਰਿੰਦਰਪਾਲ ਸਿੰਘ ਨੂੰ 30 ਸਾਲ ਪੁਰਾਣੇ ਅਗਵਾ ਤੇ ਲਾਪਤਾ ਕਰਨ ਦੇ ਮਾਮਲੇ ਵਿਚ 10 ਸਾਲ ਕੈਦ ਦੀ ਸਜਾ

ਮੁਹਾਲੀ-ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸਾਬਕਾ ਫੌਜੀ ਅਫ਼ਸਰ ਪਿਆਰਾ ਸਿੰਘ, ਉਸ ਦੇ ਪੁੱਤ ਹਰਫੂਲ ਸਿੰਘ ਤੇ ਭਤੀਜੇ ਗੁਰਦੀਪ ਸਿੰਘ ਸਮੇਤ ਇੱਕ ਹੋਰ ਰਿਸ਼ਤੇਦਾਰ ਸਵਰਨ ਸਿੰਘ ਨੂੰ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਮਗਰੋਂ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਸਬੰਧੀ ਤਿੰਨ ਦਹਾਕੇ ਤੋਂ ਵੱਧ ਪੁਰਾਣੇ ਇੱਕ ਮਾਮਲੇ ਦਾ ਨਿਬੇੜਾ ਕਰਦਿਆਂ ਗੋਇੰਦਵਾਲ ਸਾਹਿਬ ਥਾਣੇ ਦੇ ਤਤਕਾਲੀ ਐੱਸਐੱਚਓ ਸੁਰਿੰਦਰਪਾਲ ਸਿੰਘ ਨੂੰ 10 ਸਾਲ ਕੈਦ ਤੇ ਦੋ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿੱਚ ਨਾਮਜ਼ਦ ਸੇਵਾਮੁਕਤ ਐੱਸਐੱਸਪੀ ਭੁਪਿੰਦਰਜੀਤ ਸਿੰਘ ਵਿਰਕ, ਸਾਬਕਾ ਐੱਸਐੱਸਓ ਰਾਮ ਨਾਥ ਤੇ ਥਾਣੇਦਾਰ ਨਾਜ਼ਰ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ। ਪੀੜਤ ਪਰਿਵਾਰਾਂ ਦੇ ਵਕੀਲ ਸਰਬਜੀਤ ਸਿੰਘ, ਪੁਸ਼ਪਿੰਦਰ ਸਿੰਘ ਨੱਤ ਤੇ ਜਗਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਪੁਲੀਸ ਵੱਲੋਂ 23 ਜੁਲਾਈ 1992 ਵਿੱਚ ਸਾਬਕਾ ਆਰਮੀ ਅਫ਼ਸਰ ਪਿਆਰਾ ਸਿੰਘ, ਉਸ ਦੇ ਬੇਟੇ ਹਰਫੂਲ ਸਿੰਘ, ਭਤੀਜੇ ਗੁਰਦੀਪ ਸਿੰਘ, ਜੋ ਬਿਜਲੀ ਬੋਰਡ ਦਾ ਮੁਲਾਜ਼ਮ ਸੀ ਅਤੇ ਇੱਕ ਹੋਰ ਰਿਸ਼ਤੇਦਾਰ ਸਵਰਨ ਸਿੰਘ ਨੂੰ ਘਰੋਂ ਚੁੱਕ ਕੇ ਕਈ ਦਿਨਾਂ ਤੱਕ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਗਿਆ ਤੇ ਮਗਰੋਂ ਭੇਤਭਰੇ ਢੰਗ ਨਾਲ ਉਨ੍ਹਾਂ ਲਾਪਤਾ ਕਰ ਦਿੱਤਾ। ਪੁਲੀਸ ਦੀ ਇਸ ਧੱਕੇਸ਼ਾਹੀ ਖ਼ਿਲਾਫ਼ ਪੀੜਤ ਪਰਿਵਾਰ ਲਗਪਗ ਤਿੰਨ ਦਹਾਕਿਆਂ ਤੋਂ ਸਮੇਂ ਦੀ ਸਰਕਾਰਾਂ ਅਤੇ ਉੱਚ ਅਧਿਕਾਰੀਆਂ ਅੱਗੇ ਇਨਸਾਫ਼ ਦੀਆਂ ਅਪੀਲਾਂ ਕਰਦੇ ਆਏ ਹਨ। ਇਸ ਮਗਰੋਂ ਸਾਬਕਾ ਆਰਮੀ ਅਫ਼ਸਰ ਦੀ ਪਤਨੀ ਜਗੀਰ ਕੌਰ ਨੇ 1996 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ ਤੇ ਉੱਚ ਅਦਾਲਤ ਨੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ, ਜਿਸ ਮਗਰੋਂ ਸੀਬੀਆਈ ਨੇ ਗੋਬਿੰਦਵਾਲ ਸਾਹਿਬ ਦੇ ਤਤਕਾਲੀ ਐੱਸਐੱਚਓ ਸੁਰਿੰਦਰਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ। ਇਸ ਮਾਮਲੇ ਵਿੱਚ ਤਤਕਾਲੀ ਡੀਐੱਸਪੀ ਭੁਪਿੰਦਰਜੀਤ ਸਿੰਘ ਵਿਰਕ (ਹੁਣ ਸੇਵਾਮੁਕਤ ਐੱਸਐੱਸਪੀ), ਵੇਰੋਵਾਲ ਥਾਣਾ ਦੇ ਤਤਕਾਲੀ ਐੱਸਐੱਚਓ ਰਾਮ ਨਾਥ ਸਿੰਘ, ਤਤਕਾਲੀ ਥਾਣੇਦਾਰ ਨਾਜਰ ਸਿੰਘ ਵੀ ਨਾਮਜ਼ਦ ਕੀਤੇ ਗਏ ਸਨ। ਅੱਜ ਖੁੱਲ੍ਹੀ ਅਦਾਲਤ ਵਿੱਚ ਜੱਜ ਸਾਹਿਬ ਨੇ ਤਤਕਾਲੀ ਐੱਸਐੱਚਓ ਸੁਰਿੰਦਰਪਾਲ ਸਿੰਘ ਨੂੰ ਸਜ਼ਾ ਸੁਣਾਈ ਅਤੇ ਬਾਕੀ ਮੁਲਜ਼ਮਾਂ ਨੂੰ ਬਰੀ ਕੀਤਾ ਹੈ। ਵਕੀਲਾਂ ਨੇ ਦੱਸਿਆ ਕਿ ਦੋਸ਼ੀ ਸੁਰਿੰਦਰਪਾਲ ਸਿੰਘ ਜਸਵੰਤ ਸਿੰਘ ਖਾਲੜਾ ਕੇਸ ਵਿੱਚ ਪਿਛਲੇ 18 ਸਾਲਾਂ ਤੋਂ ਵੱਖ-ਵੱਖ ਮਾਮਲਿਆਂ ਵਿੱਚ ਪਹਿਲਾਂ ਹੀ ਸਜ਼ਾ ਭੁਗਤ ਰਿਹਾ ਹੈ।






# ਮੰਤਰੀ ਦੀ ਰਿਸ਼ਤੇਦਾਰ ਦੀ ਅੰਤਰਿਮ ਐਥਿਕਸ ਕਮਿਸ਼ਨਰ ਵਜੋਂ ਨਿਯੁਕਤੀ ਦਾ ਟਰੂਡੋ ਵਲੋਂ ਬਚਾਅ

ਓਟਵਾ-ਪ੍ਰਧਾਨ ਮੰਤਰੀ ਨੇ ਜਸਟਿਨ ਟਰੂਡੋ ਨੇ ਉਨ੍ਹਾਂ ਦੀ ਸਰਕਾਰ ਵਲੋਂ ਇਕ ਕੈਬਨਿਟ ਮੰਤਰੀ ਦੀ ਰਿਸ਼ਤੇਦਾਰ ਨੂੰ ਅੰਤਰਿਮ ਕਨਫਲਿਕਟ ਆਫ ਇੰਟਰੈਸਟ ਐਂਡ ਐਥਿਕਸ ਕਮਿਸ਼ਨਰ ਵਜੋਂ ਨਿਯੁਕਤ ਕਰਨ ਦੇ ਫ਼ੈਸਲੇ ਦਾ ਬਚਾਅ ਕੀਤਾ ਹੈ ਜਦਕਿ ਕੰਸਰਵੇਟਿਵਾਂ ਨੇ ਲਗਾਤਾਰ ਤੀਸਰੇ ਦਿਨ ਇਸ ਕਦਮ ਦਾ ਮਜ਼ਾਕ ਉਡਾਇਆ ਹੈ। ਸਰਕਾਰ ਨੇ ਮਾਰਟਿਨ ਰਿਚਰਡ ਨੂੰ ਇਸ ਹਫ਼ਤੇ ਦੇ ਸ਼ੁਰੂ ਵਿਚ ਐਥਿਕਸ ਕਮਿਸ਼ਨਰ ਨਿਯੁਕਤ ਕੀਤਾ ਸੀ ਅਤੇ ਉਹ ਅੰਤਰ ਸਰਕਾਰੀ ਮਾਮਲਿਆਂ ਬਾਰੇ ਮੰਤਰੀ ਡੋਮੀਨਿਕ ਲੇਬਲੈਂਕ ਦੀ ਰਿਸ਼ਤੇਦਾਰ ਹੈ। ਲੇਬਲੈਂਕ ਤੇ ਟਰੂਡੋ ਨਵੇਂ ਫੈਡਰਲ ਬਜਟ ਵਿਚ ਉਪਾਵਾਂ ਨੂੰ ਪ੍ਰਚਾਰਨ ਲਈ ਮੋਨਕਟੋਨ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਇਕੱਠੇ ਸ਼ਾਮਿਲ ਹੋਏ। ਅੰਤਰਿਮ ਐਥਿਕਸ ਕਮਿਸ਼ਨਰ ਦੀ ਨਿਯੁਕਤੀ ਬਾਰੇ ਜਦੋਂ ਪੱਤਰਕਾਰਾਂ ਨੂੰ ਦੋਵਾਂ ਨੂੰ ਪੁੱਛਿਆ ਤਾਂ ਲੈਬਲੈਂਕ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨੇ ਕੈਬਨਿਟ ਨਾਲ ਸਲਾਹ ਮਸ਼ਵਰਾ ਕੀਤਾ ਤਾਂ ਉਹ ਇਸ ਤੋਂ ਦੂਰ ਰਿਹਾ ਸੀ। ਉਸ ਨੇ ਇਸ ਫ਼ੈਸਲੇ ਵਿਚ ਕਿਸੇ ਵੀ ਤਰ੍ਹਾਂ ਹਿਸਾ ਨਹੀਂ ਲਿਆ।

# ਬੱਸ ਵਿਚ ਚਾਕੂ ਮਾਰਨ ਦੀ ਘਟਨਾ ਲਈ ਸ਼ੱਕੀ ਦੋਸ਼ੀ 'ਤੇ ਅੱਤਵਾਦ ਦੇ ਦੋਸ਼ ਲਗਾਏ ਗਏ

ਸਰੀ-ਸਨਿਚਰਵਾਰ ਸਵੇਰੇ ਇਕ ਬੱਸ ਸਵਾਰ ਦਾ ਸਰੀ ਵਿਚ ਚਾਕੂ ਨਾਲ ਗਲਾ ਵੱਢ ਕੇ ਕਤਲ ਕਰਨ ਦੀ ਕੋਸ਼ਿਸ਼ ਵਿਚ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਅੱਤਵਾਦ ਨਾਲ ਸਬੰਧਤ ਚਾਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਸ ਉੱਪਰ ਇਸਲਾਮਿਕ ਸਟੇਟ ਜਿਸ ਨੂੰ ਆਈਐਸਆਈਐਸ ਨਾਲ ਜਾਣਿਆਂ ਜਾਂਦਾ ਹੈ ਦੀ ਤਰਫੋਂ ਅਪਰਾਧ ਕਰਨ ਦਾ ਦੋਸ਼ ਹੈ। ਪੀੜਤ 'ਤੇ ਫਰੇਜ਼ਰ ਹਾਈਵੇਅ ਅਤੇ 148 ਸਟਰੀਟ ਵਿਖੇ ਬੱਸ 503 ਰੂਟ ਕੌਸਟ ਮਾਉਂਟੇਨ ਬੱਸ 'ਤੇ ਹਮਲਾ ਕੀਤਾ ਗਿਆ। ਉਸ ਨੂੰ ਜ਼ਿੰਦਗੀ ਲਈ ਖ਼ਤਰੇ ਵਾਲੇ ਜ਼ਖ਼ਮਾਂ ਨਾਲ ਰਾਇਲ ਕੋਲੰਬੀਅਨ ਹਸਪਾਤਲ ਦਾਖਲ ਕਰਵਾਇਆ ਗਿਆ। ਅਬਦੁਲ ਅਜ਼ੀਜ਼ ਕਾਵਾਮ ਨੂੰ ਸਰੀ ਮਾਉਂਟੀਜ਼ ਅਤੇ ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸਟਾਫ ਸਾਰਜੈਂਟ ਕਰਿਸ ਕਲਾਰਕ ਨੇ ਦੱਸਿਆ ਕਿ ਕਾਵਾਮ ਦੀ ਗ੍ਰਿਫ਼ਤਾਰੀ ਦੋ ਹਮਲਿਆਂ ਨਾਲ ਸਬੰਧਤ ਹੈ ਜਿਨ੍ਹਾਂ ਵਿਚੋਂ ਇਕ ਹਮਲਾ ਬੱਸ ਸਟਾਪ ਅਤੇ ਇਕ ਬੱਸ ਅੰਦਰ ਕੀਤਾ ਗਿਆ। ਕਲਾਰਕ ਨੇ ਦੱਸਿਆ ਕਿ ਇੰਟੀਗ੍ਰੇਟਿਡ ਨੈਸ਼ਨਲ ਸਕਿਉਰਟੀ ਇਨਫੋਰਸਮੈਂਟ ਟੀਮ ਨੇ ਪਬਲਿਕ ਪ੍ਰੌਸੀਕਿਊਸ਼ਨ ਸਰਵਿਸ ਆਫ ਕੈਨੇਡਾ ਨਾਲ ਸਲਾਹ ਮਸ਼ਵਰਾ ਕਰਕੇ ਜਾਂਚ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਕਾਵਾਮ ਨੂੰ ਸੋਮਵਾਰ ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਹ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ।

# ਕੈਨੇਡੀਅਨ ਪੁਲਾੜ ਯਾਤਰੀ ਜੇਰਮੀ ਹੈਨਸਨ ਦੀ ਆਰਟੇਮਿਸ ਦੂਸਰੇ ਚੰਦਰਮਾ ਮਿਸ਼ਨ ਲਈ ਚੋਣ



ਓਟਵਾ-ਕੈਨੇਡੀਅਨ ਪੁਲਾੜ ਯਾਤਰੀ ਜੇਰਮੀ ਹੈਨਸਨ ਦੀ ਚੰਦਰਮਾ ਦੁਆਲੇ ਪੰਧ 'ਤੇ ਪੁਲਾੜ ਵਾਹਨ ਭੇਜਣ ਲਈਂ ਆਰਟੇਮਿਸ ਦੂਸਰੇ ਮਿਸ਼ਨ ਵਿਚ ਸ਼ਾਮਿਲ ਹੋਣ ਵਾਸਤੇ ਚੋਣ ਕੀਤੀ ਗਈ ਹੈ। ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਸੋਮਵਾਰ ਨੂੰ ਕੀਤੇ ਐਲਾਨ ਦਾ ਮਤਲਬ 47 ਸਾਲਾ ਪੁਲਾੜ ਯਾਤਰੀ ਅਤੇ ਸੀਐਫ-18 ਦਾ ਪਾਇਲਟ ਨਵੰਬਰ 2024 ਦੇ ਸ਼ੁਰੂ ਵਿਚ ਆਸ ਕੀਤੇ ਗਏ ਮਿਸ਼ਨ ਲਈ ਤਿੰਨ ਅਮਰੀਕੀ ਪੁਲਾੜ ਯਾਤਰੀਆਂ ਨਾਲ ਸ਼ਾਮਿਲ ਹੋਵੇਗਾ। ਇਵਾਨ ਸੇਮੇਨੀਯੁਕ ਦੀ ਰਿਪੋਰਟ ਮੁਤਾਬਿਕ ਇਹ 50 ਸਾਲਾਂ ਤੋਂ ਵੀ ਵੱਧ ਸਮੇਂ ਵਿਚ ਚੰਦਰਮਾ 'ਤੇ ਪਹਿਲਾ ਮਨੁੱਖੀ ਮਿਸ਼ਨ ਹੈ। ਕਿਊਬਕ ਵਿਚ ਵੈਲ-ਡੀਓਰ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੈਨਸਨ ਦੀ ਸ਼ਲਾਘਾ ਕੀਤੀ। ਟਰੂਡੋ ਨੇ ਕਿਹਾ ਕਿ ਉਹ ਜੇਰਮੀ ਹੈਨਸਨ ਲਈ ਬਹੁਤ ਉਤਸ਼ਾਹਿਤ ਹੈ। ਉਹ ਕਈ ਸਾਲਾਂ ਤੋਂ ਉਸ ਨੂੰ ਜਾਣਦੇ ਹਨ ਅਤੇ ਉਹ ਆਸਾਧਨ ਵਿਅਕਤੀ ਹੈ ਅਤੇ ਸਾਰੇ ਕੈਨੇਡੀਅਨ ਉਸ 'ਤੇ ਮਾਣ ਮਹਿਸੂਸ ਕਰਨਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ 24 ਲੋਕਾਂ ਜਿਹੜੇ ਸਾਰੇ ਅਮਰੀਕੀ ਹਨ ਦੇ ਕਲੱਬ ਵਿਚ ਸ਼ਾਮਿਲ ਹੋਵੇਗਾ ਜਿਨ੍ਹਾਂ ਨੇ ਚੰਦਰਮਾ ਤੋਂ ਧਰਤੀ ਨੂੰ ਦੇਖਿਆ ਹੈ।

# ਸੀਬੀਸੀ ਖਿਲਾਫ ਸੰਭਾਵਤ ਮਾਣਹਾਨੀ ਮੁਕੱਦਮੇ ਲਈ ਯੂਸੀਪੀ ਦੇ ਰਹੀ ਹੈ ਫੀਸ-ਅਲਬਰਟਾ ਪ੍ਰੀਮੀਅਰ ਸਮਿਥ



ਐਡਮਿੰਟਨ-ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਉਨ੍ਹਾਂ ਦੀ ਯੂਨਾਈਟਡ ਕੰਸਰਵੇਟਿਵ ਪਾਰਟੀ ਸੀਬੀਸੀ ਖਿਲਾਫ ਸੰਭਾਵਤ ਕਾਨੂੰਨੀ ਕਾਰਵਾਈ ਲਈ ਪੈਸੇ ਅਦਾ ਕਰ ਰਹੀ ਹੈ ਜਿਸ ਬਾਰੇ ਵਿਰੋਧੀ ਧਿਰ ਐਨਡੀਪੀ ਨੇ ਸਵਾਲ ਉਠਾਏ ਹਨ ਕਿ ਕੀ ਸਰਕਾਰ ਨੇ ਮੁਕੱਦਮੇ ਦੀ ਪੈਰਵੀ ਨੂੰ ਰੱਦ ਕਰ ਦਿੱਤਾ ਹੈ। ਕੈਲਗਰੀ ਵਿਚ ਜਦੋਂ ਮਿਸ ਸਮਿਥ ਨੂੰ ਪੁੱਛਿਆ ਗਿਆ ਕਿ ਕਾਨੂੰਨੀ ਕਾਰਵਾਈ ਲਈ ਪੈਸੇ ਕੌਣ ਦੇ ਰਿਹਾ ਹੈ ਤਾਂ ਉਸ ਨੇ ਜਵਾਬ ਦਿੱਤਾ ਕਿ ਪਾਰਟੀ ਅਤੇ ਹੋਰ ਜ਼ਿਆਦਾ ਕੁਝ ਨਹੀਂ ਦੱਸਿਆ। ਉਸ ਦੇ ਦਫ਼ਤਰ ਨੇ ਬਾਅਦ ਵਿਚ ਪੁੱਛੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਕਿ ਪਾਰਟੀ ਉਸ ਕਾਨੂੰਨੀ ਕਾਰਵਾਈ ਲਈ ਫੰਡ ਕਿਉਂ ਦੇਵੇਗੀ ਜਿਹੜਾ ਮਿਸ ਸਮਿਥ ਦੀ ਪ੍ਰੀਮੀਅਰ ਵਜੋਂ ਭੂਮਿਕਾ ਨਾਲ ਸਬੰਧਤ ਹੈ। ਪਾਰਟੀ ਦੇ ਬੁਲਾਰੇ ਡੇਵ ਪ੍ਰਿਸਕੋ ਨੇ ਇਹ ਸਪਸ਼ਟੀਕਰਨ ਦੇਣ ਲਈ ਬੇਨਤੀ ਦਾ ਤੁਰੰਤ ਕੋਈ ਉੱਤਰ ਨਹੀਂ ਦਿੱਤਾ ਕਿ ਯੂਸੀਪੀ ਬਿੱਲ ਅਦਾ ਕਰਨ ਲਈ ਕਿਉਂ ਸਹਿਮਤ ਹੋ ਗਈ। ਐਤਵਾਰ ਨੂੰ ਮਿਸ ਸਮਿਥ ਦੀ ਤਰਫੋਂ ਵਕੀਲਾਂ ਨੇ ਸੀਬੀਸੀ ਨੂੰ ਮਾਣਹਾਨੀ ਨੋਟਿਸ ਦਾ ਇਕ ਪੱਤਰ ਭੇਜ ਕੇ ਜਨਵਰੀ ਦੀ ਸਟੋਰੀ ਤੋਂ ਪਿੱਛੇ ਹਟਣ ਜਾਂ ਮੁਆਫੀ ਮੰਗਣ ਲਈ ਕਿਹਾ ਹੈ।

# ਓਨਟਾਰੀਓ ਸਿੱਖਿਆ ਵਿਭਾਗ ਦੇ ਸਾਬਕਾ ਅਧਿਕਾਰੀ ਨੂੰ ਕਰੋੜਾਂ ਦੇ ਘੁਟਾਲੇ ਵਿਚ 10 ਸਾਲ ਕੈਦ ਦੀ ਸਜਾ

ਟੋਰਾਂਟੋ (ਸੇਖਾ)-ਕੈਨੇਡਾ ਦੇ ਉਂਟਾਰੀਓ ਸੂਬੇ ਦੇ ਸਿੱਖਿਆ ਵਿਭਾਗ ਦੇ ਭਾਰਤੀ ਮੂਲ ਦੇ ਸਾਬਕਾ ਅਧਿਕਾਰੀ ਸੰਜੈ ਮਦਾਨ ਨੂੰ 287 ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਹੇਠ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੱਸਣਯੋਗ ਹੈ ਕਿ ਸੰਜੈ ਮਦਾਨ ਨੇ 2020 ਵਿੱਚ ਕੋਵਿਡ-19 ਮਦਦ ਤਹਿਤ ਰਕਮ 43,000 ਲੋਕਾਂ ਨੂੰ ਦਿੱਤੀ ਹੋਈ ਦਿਖਾ ਕੇ ਇਕ ਕਰੋੜ 10 ਲੱਖ ਡਾਲਰ ਯਾਨੀ 67 ਕਰੋੜ ਰੁਪਏ ਦੀ ਅਦਾਇਗੀ ਆਪਣੇ ਦੋ ਪੁੱਤਰਾਂ ਤੇ ਪਤਨੀ ਦੇ ਨਾਵਾਂ 'ਤੇ ਖੋਲ੍ਹੇ 2,841 ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾ ਲਈ। ਉਸੇ ਸਾਲ ਸਤੰਬਰ ਮਹੀਨੇ ਘਪਲੇ ਦਾ ਪਤਾ ਲੱਗਿਆ ਤਾਂ ਉਸ ਦੀਆਂ ਸੇਵਾਵਾਂ ਖਤਮ ਕਰਕੇ ਜਾਂਚ ਸ਼ੁਰੂ ਕੀਤੀ ਗਈ। ਜਾਂਚ ਦੌਰਾਨ ਪਤਾ ਲੱਗਾ ਕਿ ਸਾਲਾਨਾ 17 ਲੱਖ ਡਾਲਰ ਕਮਾਉਣ ਵਾਲੇ ਸੰਜੈ ਮਦਾਨ ਨੇ ਕਰੋੜਾਂ ਦੀ ਜਾਇਦਾਦ ਬਣਾਈ ਹੈ। ਜਾਂਚ ਟੀਮ ਨੇ ਵਿਭਾਗ ਵਿੱਚ 10 ਸਾਲਾਂ ਦੌਰਾਨ ਸਕੂਲਾਂ ਲਈ ਖਰੀਦੇ ਕੰਪਿਊਟਰਾਂ ਅਤੇ ਫਰਜ਼ੀ ਸਲਾਹਕਾਰ ਕੰਪਨੀਆਂ ਦੇ ਨਾਂਅ 'ਤੇ 3.5 ਕਰੋੜ ਡਾਲਰ ਯਾਨੀ 215 ਕਰੋੜ ਰੁਪਏ ਦੀ ਹੇਰਾਫੇਰੀ ਦੇ ਸਬੂਤ ਲੱਭੇ। ਮਦਾਨ ਨੇ ਉਹ ਧੋਖਾਧੜੀ ਮੰਨ ਲਈ ਅਤੇ ਰਕਮ ਜਮ੍ਹਾਂ ਕਰਵਾ ਦਿੱਤੀ। ਪਰ ਕੁਝ ਹੋਰ ਜਾਂਚਾਂ ਹੋਣ ਮਗਰੋਂ ਉਸ ਵਲੋਂ ਕੀਤੇ ਘਪਲੇ ਦੀ ਰਕਮ ਪੌਣੇ ਪੰਜ ਕਰੋੜ ਡਾਲਰ (287 ਕਰੋੜ ਰੁਪਏ) ਤੱਕ ਜਾ ਪਹੁੰਚੀ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)




ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca




ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।







604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਹੜਤਾਲ ਕਾਰਨ ਫਰੇਜ਼ਰ ਵੈਲੀ ਦੇ ਯੂਜ਼ਰ ਗੁਆ ਰਹੇ ਨੇ ਪੈਸਾ-ਸ਼ਿਫਟਾਂ ਤੇ ਨੌਕਰੀਆਂ

ਵੈਨਕੂਵਰ-ਇਸ ਗੱਲ ਦੀਆਂ ਰਿਪੋਰਟਾਂ ਮਿਲੀਆਂ ਹਨ ਕਿ ਫਰੇਜ਼ਰ ਵੈਲੀ ਟਰਾਂਜ਼ਿਟ ਦੀ ਹੜਤਾਲ ਚੱਲਣ ਕਾਰਨ ਬੱਸਾਂ ਦੀ ਵਰਤੋਂ ਕਰਨ ਵਾਲੇ ਲੋਕ ਸ਼ਿਫਟਾਂ ਤੇ ਪੈਸਾ ਅਤੇ ਇਥੋਂ ਤਕ ਆਪਣੀਆਂ ਨੌਕਰੀਆਂ ਗੁਆ ਰਹੇ ਹਨ। ਸੀਯੂਪੀਈ 561 ਵਰਕਰ 20 ਮਾਰਚ ਤੋਂ ਮੁਕੰਮਲ ਹੜਤਾਲ 'ਤੇ ਹਨ ਕਿਉਂਕਿ ਉਹ ਆਪਣੇ ਰੋਜ਼ਗਾਰਦਾਤਾ ਫਸਟ ਟਰਾਂਜ਼ਿਟ ਨਾਲ ਬਿਹਤਰ ਇਕਰਾਰਨਾਮੇ ਦੀ ਮੰਗ ਕਰ ਰਹੇ ਹਨ। ਉਹ ਸੋਸ਼ਲ ਮੀਡੀਆ 'ਤੇ ਸਰਗਰਮ ਹਨ ਜਿਥੇ ਉਹ ਟਰਾਂਜ਼ਿਟ ਯੂਜ਼ਰਾਂ ਨੂੰ ਪਲੈਜ ਫਾਰਮ ਰਾਹੀਂ ਆਪਣਾ ਸਮਰਥਣ ਦੇਣ ਦੀ ਅਪੀਲ ਕਰ ਰਹੇ ਹਨ। ਸਮਰਥਨ ਦੇ ਨਾਲ ਉਹ ਉਨ੍ਹਾਂ ਲੋਕਾਂ ਦੀ ਗੱਲ ਵੀ ਸੁਣ ਰਹੇ ਹਨ ਜਿਹੜੇ ਸੇਵਾਵਾਂ ਦੀ ਘਾਟ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਯੂਨੀਅਨ ਨੇ ਦੱਸਿਆ ਕਿ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਸੁਣੀਆਂ ਹਨ ਜਿਹੜੇ ਅਪਾਹਜ ਹਨ ਅਤੇ ਜਨਤਕ ਟਰਾਂਜਿਟ 'ਤੇ ਪੂਰੀ ਤਰ੍ਹਾਂ ਨਿਰਭਰ ਹਨ, ਉਹ ਲੋਕ ਜਿਹੜੇ ਆਪਣਾ ਕੰਮ ਨਹੀਂ ਕਰ ਸਕਦੇ ਜਾਂ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ ਜਾਂ ਜਿਨ੍ਹਾਂ ਨੇ ਟੈਕਸੀ ਤੇ ਉਬੇਰ ਦੇ ਮੋਟੇ ਬਿੱਲ ਇਕੱਤਰ ਕੀਤੇ ਹੋਏ ਹਨ। ਇਸ ਤਰ੍ਹਾਂ ਦੇ ਵੀ ਲੋਕ ਹਨ ਜਿਨ੍ਹਾਂ ਦੀ ਡਾਕਟਰ ਨਾਲ ਅਪੁਆਇੰਟਮੈਂਟ ਜਾਂ ਯੂਨੀਵਰਸਿਟੀ ਇਮਤਿਹਾਨ ਖੁੰਝ ਗਏ। ਯੂਨੀਅਨ ਨੇ ਦੱਸਿਆ ਕਿ ਕੁਝ ਮਾਮਲਿਆਂ ਵਿਚ ਇਨ੍ਹਾਂ ਵਿਦਿਆਰਥੀਆਂ ਤੋਂ ਟੈਕਸੀਆਂ ਵਾਲੇ ਇਕ ਪਾਸੇ ਦਾ 100 ਡਾਲਰ ਤੋਂ ਵੀ ਜ਼ਿਆਦਾ ਕਿਰਾਇਆ ਵਸੂਲਦੇ ਹਨ। ਪੈਦਲ ਚੱਲ ਕੇ ਜਾਣਾ ਅਤੇ ਕਾਰਪੂਲਿੰਗ ਹਮੇਸ਼ਾ ਸੰਭਵ ਨਹੀਂ ਹੁੰਦਾ। ਯੂਨੀਅਨ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਲੋਕਾਂ ਦਾ ਮਜ਼ਬੂਤ ਸਮਰਥਨ ਮਿਲਿਆ ਹੈ ਪਰ ਲੋਕਾਂ ਦੀ ਰੋਜ਼ਾਨਾਂ ਜਿੰਦਗੀਆਂ ਵਿਚ ਆਉਂਦੀਆਂ ਰੁਕਾਵਟਾਂ ਨੂੰ ਸ਼ਾਇਦ ਫਸਟ ਟਰਾਂਜ਼ਿਟ ਜਾਂ ਬੀਸੀ ਟਰਾਂਜ਼ਿਟ ਨਹੀਂ ਸਕਦੇ। ਇਸ ਨਾਲ ਐਬਟਸਫੋਰਡ, ਮਿਸ਼ਨ, ਚਿਲੀਵੈਕ, ਐਗਾਸਿਜ਼, ਹੈਰੀਸਨ ਹੌਟ ਸਪਰਿੰਗਸ ਅਤੇ ਹੋਮ ਦੇ ਲੋਕ ਪ੍ਰਭਾਵਤ ਹਨ।




# ਪ੍ਰਵਾਸੀਆਂ ਦੀ ਮੌਤ ਪਿੱਛੋਂ ਅਮਰੀਕਾ-ਕੈਨੇਡਾ ਸ਼ਰਨ ਸਮਝੌਤਾ ਰੱਦ ਕਰਨ ਦਾ ਸੱਦਾ

ਸਫ਼ਾ 1 ਦੀ ਬਾਕੀ

ਜਿਥੇ ਉਹ ਪਹਿਲਾਂ ਪਹੁੰਚੇ ਸਨ। ਜਦੋਂ ਸ਼ਰਨਾਰਥੀਆਂ ਨੇ ਅਨਿਯਮਤ ਲਾਂਘਿਆਂ ਤੋਂ ਕੈਨੇਡਾ ਵਿਚ ਦਾਖਲ ਹੋਣਾ ਸ਼ੁਰੂ ਕਰ ਦਿੱਤਾ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਮਰੀਕਾ-ਕੈਨੇਡਾ ਦਾ ਸਾਰੀ ਸਰਹੱਦ ਨੂੰ ਘੇਰੇ ਵਿਚ ਲੈਣ ਲਈ ਸਮਝੌਤੇ ਵਿਚ ਸੋਧ ਕਰਨ ਵਾਸਤੇ ਦਬਾਅ ਹੇਠ ਆ ਗਏ। ਆਲੋਚਕਾਂ ਦਾ ਕਹਿਣਾ ਕਿ ਇਹ ਨੀਤੀ ਪਰਿਵਾਰਾਂ ਨੂੰ ਵੱਖ ਕਰਦੀ ਹੈ ਅਤੇ ਪ੍ਰਵਾਸੀਆਂ ਨੂੰ ਜਾਨਲੇਵਾ ਗੈਰਰਸਮੀ ਰਸਤਿਆਂ ਰਾਹੀਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਲਈ ਮਜ਼ਬੂਰ ਕਰਦੀ ਹੈ। ਪਿਛਲੇ ਹਫ਼ਤੇ ਕਿਊਬਕ ਵਿਚ ਅਕਵੇਸਨੇ ਨੇੜੇ ਸੇਂਟ ਲਾਰੈਂਸ ਦਰਿਆ ਨੂੰ ਕੈਨੇਡਾ ਤੋਂ ਅਮਰੀਕਾ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਦੋ ਪਰਿਵਾਰਾਂ ਦੇ ਅੱਠ ਵਿਅਕਤੀ ਮਰ ਗਏ ਸਨ। ਕੈਨੇਡਾ ਤੇ ਅਮਰੀਕਾ ਲਗਾਤਾਰ ਇਸ ਗੱਲ 'ਤੇ ਕਾਇਮ ਹਨ ਕਿ ਐਸਟੀਸੀਏ ਵਿਸ਼ਵ ਦੀ ਸਭ ਤੋਂ ਲੰਬੀ ਜ਼ਮੀਨੀ ਸਰਹੱਦ ਦੇ ਪ੍ਰਬੰਧ ਦਾ ਬਿਹਤਰ ਤਰੀਕਾ ਹੈ।




# ਬੀ.ਸੀ. ਟਰਾਂਜਿਟ ਬੱਸ ਡਰਾਇਵਰਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ

ਸਫ਼ਾ 1 ਦੀ ਬਾਕੀ

ਬੰਦ ਕਰ ਦਿੱਤਾ ਸੀ ਜਿਸ ਕਰਕੇ ਸਵਾਰੀਆਂ ਇੱਕ ਥਾਂ ਤੋਂ ਦੂਜੀ ਥਾਂ ਮੁਫਤ ਸਫਰ ਕਰਦੀਆਂ ਰਹੀਆਂ। ਇਸੇ ਸਮੇਂ ਦੌਰਾਨ ਡਰਾਇਵਰ ਯੂਨੀਅਨ ਆਪਣੀਆਂ ਮੰਗਾਂ ਨੂੰ ਲੈ ਕੇ ਬੀ ਸੀ ਟਰਾਂਜਿਟ ਕੰਪਨੀ ਨਾਲ ਇੱਕ ਟੇਬਲ 'ਤੇ ਬੈਠ ਕੇ ਇਸ ਮਸਲੇ ਦਾ ਹੱਲ ਲੱਭਣ ਲਈ ਵਿਚਾਰ ਵਟਾਂਦਰਾ ਕਰ ਰਹੀ ਸੀ, ਪਰ ਬੀ ਸੀ ਟਰਾਂਜਿਟ ਕੰਪਨੀ ਦੇ ਅਧਿਕਾਰੀਆਂ ਨੇ ਯੂਨੀਅਨ ਵੱਲੋਂ ਡਰਾਇਵਰਾਂ ਦੀਆਂ ਲਿਆਂਦੀਆਂ ਮੰਗਾਂ ਸੰਬੰਧੀ ਕੋਈ ਸਹਿਮਤੀ ਨਾ ਦਿੱਤੀ ਜਿਸ ਕਰਕੇ ਡਰਾਇਵਰਾਂ ਵੱਲੋਂ ਬੱਸਾਂ ਚਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ 20 ਮਾਰਚ ਤੋਂ ਬਾਅਦ ਮਿਸ਼ਨ, ਐਬਟਸਫੋਰਡ ਅਤੇ ਚਿਲੀਵੈਕ 'ਚ ਬੱਸ ਸੇਵਾ ਬਿਲਕੁਲ ਠੱਪ ਹੋ ਕੇ ਰਹਿ ਗਈ ਹੈ। ਹੜਤਾਲ਼ 'ਤੇ ਬੈਠਿਆਂ ਨਾਲ ਗੱਲਬਾਤ ਤੋਂ ਪਤਾ ਲੱਗਾ ਕਿ ਬੀ ਸੀ ਟਰਾਂਜਿਟ ਦੇ ਅਧਿਕਾਰੀ ਯੂਨੀਅਨ ਨਾਲ ਹੁਣ ਇੱਕ ਟੇਬਲ 'ਤੇ ਵੀ ਬੈਠਣ ਲਈ ਤਿਆਰ ਨਹੀਂ ਹਨ। ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਮੁਤਾਬਿਕ ਵੈਨਕੂਵਰ ਸਰੀ ਦੇ ਨਾਲ ਲੱਗਦੇ ਸ਼ਹਿਰਾਂ 'ਚ ਚੱਲਣ ਵਾਲੀ ਕੋਸਟ ਮਾਊਟੇਨ ਬੱਸ ਕੰਪਨੀ ਵੱਲੋਂ ਆਪਣੇ ਡਰਾਇਵਰਾਂ ਨੂੰ ਬੀ ਸੀ ਟਰਾਂਜਿਟ ਬੱਸ ਕੰਪਨੀ ਦੇ ਡਰਾਇਵਰਾਂ ਨਾਲ਼ੋਂ ਡੇਢ ਗੁਣਾਂ ਵੱਧ ਦੇ ਕਰੀਬ ਤਨਖਾਹ ਦਿੱਤੀ ਜਾਂਦੀ ਹੈ ਅਤੇ ਸੇਵਾ ਮੁਕਤ ਹੋਣ ਉਪਰੰਤ ਪੈਨਸ਼ਨ ਭੱਤਾ ਵੀ ਮਿਲਦਾ ਹੈ। ਬੀ ਸੀ ਟਰਾਂਜਿਟ ਬੱਸ ਕੰਪਨੀ ਦੇ ਡਰਾਇਵਰਾਂ ਦੀ ਦਲੀਲੀ ਮੰਗ ਹੈ ਕਿ ਜਦੋਂ ਕੋਸਟ ਮਾਊਂਟੇਨ ਬੱਸ ਕੰਪਨੀ ਆਪਣੇ ਬੱਸ ਚਾਲਕਾਂ ਨੂੰ ਜਿਹੜੀਆਂ ਸਹੂਲਤਾਂ ਪਰਦਾਨ ਕਰ ਰਹੀ ਹੈ, ਉਹ ਸਹੂਲਤਾਂ ਉਨ੍ਹਾਂ ਨੂੰ ਕਿਉਂ ਨਹੀਂ ਦਿੱਤੀਆਂ ਜਾਂਦੀਆਂ ਜਦੋਂ ਦੋਵੇਂ ਕੰਪਨੀਆਂ ਦੇ ਡਰਾਇਵਰਾਂ ਦਾ ਇੱਕੋ ਕੰਮ ਹੈ। ਬੀ ਸੀ ਟਰਾਂਜਿਟ ਬੱਸ ਸੇਵਾ ਠੱਪ ਹੋਣ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ, ਆਪਣੇ ਇਸ਼ਟ ਨੂੰ ਮੱਥਾ ਟੇਕਣ ਜਾਣ ਵਾਲੇ ਬਜ਼ੁਰਗਾਂ ਅਤੇ ਜਿਨ੍ਹਾਂ ਕੋਲ ਆਪਣੀ ਕਾਰ ਸਹੂਲਤ ਨਹੀਂ ਹੈ ਅਜਿਹੇ ਲੋਕ ਬਹੁਤ ਪਰੇਸ਼ਾਨ ਹਨ ਅਤੇ ਉਨ੍ਹਾਂ ਦੇ ਕੰਮ ਵੀ ਬੁਰੀ ਤਰਾਂ ਪ੍ਰਭਾਵਤ ਹੋ ਚੁੱਕੇ ਹਨ। ਵੱਡੀ ਗਿਣਤੀ 'ਚ ਅਜਿਹੇ ਲੋਕ ਹਰ ਰੋਜ ਟੈਕਸੀ ਲਿਜਾਣ ਦੇ ਵੀ ਅਸਮੱਰਥ ਹਨ ਜਿਸ ਕਰਕੇ ਇੱਕ ਪੇਂਡੂ ਕਹਾਵਤ ਵਾਲੀ ਗੱਲ ਹੋ ਚੁੱਕੀ ਹੈ ਕਿ 'ਦਾੜ੍ਹੀ ਨਾਲ਼ੋਂ ਮੁੱਛਾਂ ਵਧ ਗਈਆਂ', ਭਾਵ ਕਹਿਣ ਤੋਂ ਕਿ ਓਨੀ ਇੱਕ ਦਿਨ ਦੀ ਕਮਾਈ ਨਹੀਂ ਹੈ ਜਿਨਾਂ ਕਿਰਾਇਆ ਟੈਕਸੀ ਦਾ ਦੇਣਾ ਪੈ ਜਾਵੇਗਾ। ਸਰਕਾਰ ਨੂੰ ਵੀ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਅਤੇ ਕੰਪਨੀ ਨੂੰ ਯੂਨੀਅਨ ਨਾਲ ਬੈਠ ਕੇ ਮਸਲੇ ਦਾ ਹੱਲ ਲੱਭਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਕੋਸਟ ਮਾਊਟੇਨ ਬੱਸ ਕੰਪਨੀ ਆਪਣਾ ਮਸਲਾ ਉਲਝਣ ਤੋਂ ਪਹਿਲਾਂ ਹੀ ਇਸੇ ਸੰਬੰਧ 'ਚ 12 ਅਪ੍ਰੈਲ ਨੂੰ ਹੋਣ ਵਾਲੀ ਯੂਨੀਅਨ ਦੀ ਚੋਣ ਲਈ ਸਹਿਮਤ ਹੈ। ਜਦੋਂ ਕਿ ਵੈਨਕੂਵਰ ਵਾਲਿਆਂ ਨੇ ਆਪਣਾ ਮਸਲਾ ਹੱਲ ਕਰ ਲਿਆ, ਤਾਂ ਬੀ ਸੀ ਟਰਾਂਜਿਟ ਕੋਲੋਂ ਕਿਉਂ ਨਹੀਂ ਹੱਲ ਹੋ ਰਿਹਾ ? ਬੀ ਸੀ ਟਰਾਂਜਿਟ ਸਵਾਲਾਂ ਦੇ ਜਵਾਬ ਦੇਹ ਹੈ।

## ਘਰ ਦੇ ਪਿਛਲੇ ਹਿੱਸੇ ਨਾਲ ਟਕਰਾਈ ਕਾਰ-ਇਕ ਮੌਤ

ਸਰੀ-ਤਿੰਨ ਅਪ੍ਰੈਲ ਨੂੰ ਕਿੰਗ ਜੌਰਜ ਬੁਲੇਵਾਰਡ 'ਤੇ ਇਕ ਕਾਰ ਦੇ ਸੜਕ ਤੋਂ ਘੁੰਮ ਕੇ ਇਕ ਘਰ ਦੇ ਪਿਛਲੇ ਪਾਸੇ ਟਕਰਾਉਣ ਨਾਲ 57 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਰਾਤ 8.07 ਵਜੇ ਦੁਰਘਟਨਾ ਉਸ ਸਮੇਂ ਵਾਪਰੀ ਜਦੋਂ ਕਾਰ ਹਾਈਵੇਅ 10 ਨੇੜੇ ਕਿੰਗ ਜੌਰਜ ਬੁਲੇਵਾਰਡ 'ਤੇ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਸੀ। ਸਰੀ ਆਰਸੀਐਮਪੀ ਦਾ ਮੰਨਣਾ ਕਿ ਦੁਰਘਟਨਾ ਤੇਜ਼ ਰਫ਼ਤਾਰ ਕਾਰਨ ਹੋਈ ਹੈ। ਸਰੀ ਆਰਸੀਐਮਪੀ ਮੀਡੀਆ ਰਿਲੇਸ਼ਨ ਅਫਸਰ ਕਾਰਪੋਰਲ ਵਨੇਸਾ ਮੁਨ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਅਸੀਂ ਲੋਕਾਂ ਨੂੰ ਅਪੀਲ ਕਰ ਰਹੇ ਹਾਂ ਕਿ ਉਹ ਗੱਡੀ ਹੌਲੀ ਤੇ ਜ਼ਿੰਮੇਵਾਰੀ ਨਾਲ ਚਲਾਉਣ। ਪਿਛਲੇ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਸਰੀ ਵਿਚ ਤਿੰਨ ਜਾਨਲੇਵਾ ਦੁਰਘਟਨਾਵਾਂ ਹੋਈਆਂ ਹਨ ਅਤੇ ਹਰੇਕ ਘਟਨਾ ਦਾ ਕਾਰਨ ਤੇਜ਼ ਰਫ਼ਤਾਰ ਸੀ। ਮੌਕੇ 'ਤੇ ਪਹੁੰਚੇ ਫਰੀਲਾਂਸਰ ਪੱਤਰਕਾਰ ਮੁਤਾਬਿਕ ਕਾਰ ਪਲਟ ਗਈ ਅਤੇ ਡਰਾਈਵਰ ਕਾਰ ਦੇ ਅੰਦਰ ਫਸ ਗਿਆ। ਫਾਇਰਫਾਈਟਰਜ਼ ਨੂੰ ਡਰਾਈਵਰ ਨੂੰ ਕੱਢਣ ਲਈ 30 ਮਿੰਟ ਤੋਂ ਵੀ ਜ਼ਿਆਦਾ ਸਮਾਂ ਜਦੋਜਹਿਦ ਕਰਨੀ ਪਈ। ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592


Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

Residential
Construction
Commercial
New Immigrants
Self Employed

Private Mortgages
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਗੈਂਗਸਟਰ ਦੀਪਕ ਬਾਸਕਰ ਨੂੰ ਮੈਕਸੀਕੋ ਤੋਂ ਭਾਰਤ ਲਿਆਂਦਾ



ਨਵੀਂ ਦਿੱਲੀ (ਦਿਓਲ)-ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਗੈਂਗਸਟਰ ਦੀਪਕ ਬਾਕਸਰ ਨੂੰ ਮੈਕਸਿਕੋ ਤੋਂ ਭਾਰਤ ਲਿਆਂਦਾ ਹੈ। ਉਹ ਅਮਰੀਕਾ ਜਾਣ ਦੀ ਤਾਕ ਵਿੱਚ ਸੀ। ਉਸ ਨੂੰ ਮੈਕਸਿਕੋ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਸਖ਼ਤ ਸੁਰੱਖਿਆ ਹੇਠ ਇੱਥੋਂ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਫਰਜ਼ੀ ਪਾਸਪੋਰਟ ਦੇ ਮਾਮਲੇ ਵਿੱਚ ਦਿੱਲੀ ਦੀ ਅਦਾਲਤ ਨੇ ਉਸ ਨੂੰ ਅੱਠ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲੀਸ ਨੇ ਪਟਿਆਲਾ ਹਾਊਸ ਅਦਾਲਤ ਤੋਂ ਉਸ ਦਾ 14 ਦਿਨ ਦਾ ਰਿਮਾਂਡ ਮੰਗਿਆ ਸੀ। ਗੈਂਗਸਟਰ ਜਤਿੰਦਰ ਗੋਗੀ ਦੀ ਹੱਤਿਆ ਮਗਰੋਂ ਦੀਪਕ ਗੋਗੀ ਗੈਂਗ ਦੀ ਕਮਾਨ ਸੰਭਾਲ ਰਿਹਾ ਸੀ। ਇਹ ਪਹਿਲੀ ਵਾਰ ਹੈ ਕਿ ਦਿੱਲੀ ਪੁਲੀਸ ਨੇ ਦੇਸ਼ ਤੋਂ ਬਾਹਰ ਕਿਸੇ ਅਪਰੇਸ਼ਨ ਦੌਰਾਨ ਕਿਸੇ ਗੈਂਗਸਟਰ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਦੀ ਦੋ ਮੈਂਬਰੀ ਟੀਮ ਅੱਜ ਸਵੇਰੇ ਲਗਪਗ ਛੇ ਵਜੇ ਉਸ ਨੂੰ ਮੈਕਸਿਕੋ ਤੋਂ ਇਸਤਾਂਬੁਲ ਦੇ ਰਸਤੇ ਭਾਰਤ ਲੈ ਕੇ ਆਈ। ਪੁਲੀਸ ਨੇ ਕਿਹਾ ਕਿ ਉਸ ਤੋਂ ਅਪਰਾਧਿਕ ਗਤੀਵਿਧੀਆਂ ਤੇ ਉੱਤਰੀ ਦਿੱਲੀ ਦੇ ਸਿਵਲ ਲਾਈਨ ਖੇਤਰ ਵਿੱਚ ਇੱਕ ਬਿਲਡਰ ਦੀ ਹੱਤਿਆ ਵਿੱਚ ਕਥਿਤ ਸ਼ਮੂਲੀਅਤ ਸਬੰਧੀ ਪੁੱਛਗਿੱਛ ਕੀਤੀ ਜਾਵੇਗੀ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਗੈਂਗਸਟਰ ਦੀਪਕ ਬਾਕਸਰ ਮੈਕਸਿਕੋ ਦੇ ਰਸਤੇ ਗ਼ੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਦਿੱਲੀ ਤੇ ਗੁਆਂਢੀ ਸੂਬਿਆਂ ਵਿੱਚ ਆਪਣਾ ਸੰਗਠਿਤ ਅਪਰਾਧ ਗਰੋਹ ਚਲਾਉਣ ਦੀ ਯੋਜਨਾ ਬਣਾ ਰਿਹਾ ਸੀ। ਪੁਲੀਸ ਨੇ ਗੈਂਗਸਟਰ ਜਤਿੰਦਰ ਗੋਗੀ ਦੀ ਹੱਤਿਆ ਮਗਰੋਂ ਉਸ ਦੀ ਕਮਾਨ ਸੰਭਾਲਣ ਵਾਲੇ ਦੀਪਕ 'ਤੇ ਤਿੰਨ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ।

# ਅਮਰੀਕਾ ਨਰਕ ਵਿਚ ਜਾ ਰਿਹਾ ਹੈ

## ਟਰੰਪ ਨੇ ਬਾਈਡੇਨ ਪ੍ਰਸ਼ਾਸਨ 'ਤੇ ਸਾਧਿਆ ਨਿਸ਼ਾਨਾ

ਵਾਸ਼ਿਗਟਨ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਰਾਤ ਨੂੰ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਜੋਅ ਬਾਈਡੇਨ ਪ੍ਰਸ਼ਾਸਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਸੰਯੁਕਤ ਰਾਜ ਨਰਕ ਵਿੱਚ ਜਾ ਰਿਹਾ ਹੈ। ਇੱਥੇ ਦੱਸ ਦਈਏ ਕਿ ਟਰੰਪ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਚੁੱਪ ਰਹਿਣ ਲਈ ਗੁਪਤ ਤੌਰ 'ਤੇ ਪੈਸੇ ਦਿੱਤੇ ਜਾਣ ਦੇ ਦੋਸ਼ਾਂ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਲਈ ਮੈਨਹਟਨ ਦੀ ਇਕ ਅਦਾਲਤ ਵਿਚ ਪਹੁੰਚੇ। ਉਸ ਨੂੰ ਪੇਸ਼ੀ ਤੋਂ ਪਹਿਲਾਂ ਗ੍ਰਿਫ਼ਤਾਰ ਕਰ ਲਿਆ ਗਿਆ। ਦੱਸ ਦੇਈਏ ਕਿ ਟਰੰਪ 'ਤੇ ਕਰੀਬ 34 ਦੋਸ਼ ਲੱਗੇ ਹਨ। ਇਸ ਦੇ ਨਾਲ ਹੀ ਉਸ 'ਤੇ 1.22 ਲੱਖ ਡਾਲਰ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਅਦਾਲਤ ਵੱਲੋਂ ਜੁਰਮਾਨਾ ਲੱਗਣ ਤੋਂ ਬਾਅਦ ਪਹਿਲੀ ਵਾਰ ਜਨਤਕ ਤੌਰ 'ਤੇ ਸਾਹਮਣੇ ਆਏ ਟਰੰਪ ਨੇ ਕਿਹਾ ਕਿ 'ਸਾਡਾ ਦੇਸ਼ ਨਰਕ ਵਿੱਚ ਜਾ ਰਿਹਾ ਹੈ'। ਟਰੰਪ ਨੇ ਫਲੋਰੀਡਾ ਦੇ ਆਪਣੇ ਘਰ ਤੋਂ ਆਪਣੇ ਸਮਰਥਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ 'ਮੈਂ ਕਦੇ ਨਹੀਂ



ਸੋਚਿਆ ਸੀ ਕਿ ਅਮਰੀਕਾ 'ਚ ਅਜਿਹਾ ਕੁਝ ਹੋ ਸਕਦਾ ਹੈ। ਮੈਂ ਸਿਰਫ਼ ਇੱਕ ਹੀ ਗੁਨਾਹ ਕੀਤਾ ਹੈ ਕਿ ਮੈਂ ਆਪਣੀ ਕੌਮ ਨੂੰ ਨਿਡਰਤਾ ਨਾਲ ਉਨ੍ਹਾਂ ਲੋਕਾਂ ਤੋਂ ਬਚਾਇਆ ਹੈ ਜੋ ਇਸ ਨੂੰ ਤਬਾਹ ਕਰਨਾ ਚਾਹੁੰਦੇ ਹਨ।' ਸ਼ੁਰੂ ਤੋਂ ਹੀ, ਡੈਮੋਕਰੇਟਸ ਨੇ ਮੇਰੀ ਮੁਹਿਮ ਦੀ ਜਾਸੂਸੀ ਕੀਤੀ ਸੀ। ਡੋਨਾਲਡ ਟਰੰਪ ਨੇ ਨਿਊਯਾਰਕ ਦੇ ਸਰਕਾਰੀ ਵਕੀਲ ਐਲਵਿਨ ਬ੍ਰੈਗ 'ਤੇ ਵੀ ਆਪਣੇ ਖ਼ਿਲਾਫ਼ ਅਪਰਾਧਿਕ ਦੋਸ਼ ਲਗਾਉਣ ਲਈ ਨਿਸ਼ਾਨਾ ਸਾਧਿਆ। ਟਰੰਪ ਨੇ ਕਿਹਾ ਕਿ ਇਹ ਫਰਜ਼ੀ ਕੇਸ ਸਿਰਫ ਆਉਣ ਵਾਲੀਆਂ 2024 ਦੀਆਂ ਚੋਣਾਂ ਵਿਚ ਦਖਲ ਦੇਣ ਲਈ ਲਿਆਂਦਾ ਗਿਆ ਸੀ ਅਤੇ ਇਸ ਨੂੰ ਤੁਰੰਤ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਜੋਅ ਬਾਈਡੇਨ ਪ੍ਰਸ਼ਾਸਨ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਡੋਨਾਲਡ ਟਰੰਪ 2024 ਦੀ ਰਿਪਬਲਿਕਨ ਨਾਮਜ਼ਦਗੀ ਦੀ ਦੌੜ 'ਚ ਸਭ ਤੋਂ ਅੱਗੇ ਹਨ। ਤੁਹਾਡੀ ਜਾਣਕਾਰੀ ਲਈ ਦੱਸ ਦੇਈਏ ਕਿ 2016 ਦੀਆਂ ਅਮਰੀਕੀ ਚੋਣਾਂ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਦੋ ਔਰਤਾਂ ਨੂੰ ਆਪਣੇ ਨਾਲ ਸਰੀਰਕ ਸਬੰਧਾਂ ਬਾਰੇ ਚੁੱਪ ਰਹਿਣ ਲਈ ਪੈਸੇ ਦਿੱਤੇ ਸਨ। ਇਸਤਗਾਸਾ ਪੱਖ ਨੇ ਉਸ ਨੂੰ ਇਸ ਮਾਮਲੇ 'ਚ ਦੋਸ਼ੀ ਠਹਿਰਾਇਆ ਹੈ। ਇਸ ਨਾਲ ਡੋਨਾਲਡ ਟਰੰਪ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਪਹਿਲੇ ਮੌਜੂਦਾ ਜਾਂ ਸਾਬਕਾ ਅਮਰੀਕੀ ਰਾਸ਼ਟਰਪਤੀ ਬਣ ਗਏ ਹਨ।

# ਆਪ ਸਰਕਾਰ ਨੇ ਪੰਜਾਬ ਵਿਚ ਕੀਤੀ ਯੋਗਸ਼ਾਲਾ ਦੀ ਸ਼ੁਰੂਆਤ-ਯੋਗਾ ਪਿੰਡ ਪਿੰਡ ਪਹੁੰਚਾਉਣ ਦਾ ਐਲਾਨ

ਪਟਿਆਲਾ-ਪੰਜਾਬ ਵਾਸੀਆਂ ਨੂੰ ਹੋਰ ਵਧੇਰੇ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਨ ਦੇ ਮਨੋਰਥ ਨਾਲ ਪੰਜਾਬ ਸਰਕਾਰ ਵੱਲੋਂ 'ਸੀ.ਐੱਮ. ਦੀ ਯੋਗਸ਼ਾਲਾ' ਦੇ ਬੈਨਰ ਹੇਠ ਇਕ ਵਿਸ਼ੇਸ਼ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿਮ ਦਾ ਰਸਮੀ ਉਦਘਾਟਨ ਇੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਾਂਝੇ ਤੌਰ 'ਤੇ ਕੀਤਾ। ਇਸ ਦੌਰਾਨ ਮਨੁੱਖ ਲਈ ਤੰਦਰੁਸਤੀ ਨੂੰ ਸਭ ਤੋਂ ਜ਼ਰੂਰੀ ਪਹਿਲੂ ਕਰਾਰ ਦਿੰਦਿਆਂ, ਯੋਗਾ ਨੂੰ ਪਿੰਡਾਂ ਅਤੇ ਮੁਹੱਲਿਆਂ ਤੱਕ ਪਹੁੰਚਾਉਣ ਦਾ ਐਲਾਨ ਵੀ ਕੀਤਾ ਗਿਆ। ਸਮੂਹ ਪੰਜਾਬ ਵਾਸੀਆਂ ਨੂੰ ਯੋਗਾ ਅਪਣਾਉਣ ਦੀ ਅਪੀਲ ਕਰਦਿਆਂ ਦੋਹਾਂ ਆਗੂਆਂ ਨੇ ਕਿਹਾ ਕਿ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰੇ ਲਈ ਇਹ ਵਧੇਰੇ ਕਾਰਗਰ ਪ੍ਰਕਿਰਿਆ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਹਲਕਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਦੇਖਰੇਖ ਹੇਠ ਇੱਥੇ ਪੋਲੋ ਗਰਾਊਂਡ ਵਿਚਲੇ ਜਿਮਨੇਜ਼ੀਅਮ ਹਾਲ ਵਿੱਚ ਇਸ ਸਬੰਧੀ ਹੋਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਿੱਠ ਵੀ ਥਾਪੜੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਦੀ ਸ਼ਾਂਤੀ ਨਾਲ ਖਿਲਵਾੜ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਪੰਜਾਬ ਦੀ ਸ਼ਾਂਤੀ ਲਈ ਬੜੀ ਸਿਆਣਪ ਨਾਲ ਚੁੱਕੇ ਗਏ ਸਖ਼ਤ ਕਦਮ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਕਾਰਨ ਪੰਜਾਬ 'ਚ ਫੈਲੇ ਗੈਂਗਸਟਰਵਾਦ ਅਤੇ ਨਸ਼ਾ ਤਸਕਰੀ ਸਣੇ ਹੋਰ ਸੰਗੀਨ ਮਾਮਲਿਆਂ ਨੂੰ ਵੀ ਮਾਨ ਸਰਕਾਰ ਨੇ ਹੱਲ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਨਾਲ 'ਵੱਡੇ ਬੰਦਿਆਂ' ਦੇ ਨਾਮ ਜੁੜਨ ਕਾਰਨ ਪਿਛਲੀਆਂ ਸਰਕਾਰਾਂ ਮਾਮਲੇ ਨੂੰ ਲਟਕਾਉਂਦੀਆਂ ਰਹੀਆਂ, ਪਰ ਮਾਨ ਸਰਕਾਰ ਨੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਉਨ੍ਹਾਂ ਨਸ਼ਾ ਤਸਕਰੀ ਸਬੰਧੀ ਰਿਪੋਰਟ ਦੇ ਅੱਠ ਸਾਲਾਂ ਤੋਂ ਬੰਦ ਪਏ ਲਿਫਾਫ਼ੇ ਵੀ ਮਾਨ ਸਰਕਾਰ ਵੱਲੋਂ ਖੋਲ੍ਹੇ ਜਾਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਇਸ 'ਚ ਸ਼ਾਮਲ ਰਹੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੰਜਾਬ ਵਾਸੀਆਂ ਨੂੰ ਯੋਗਾ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ 'ਚ ਵੀ ਉਪ ਰਾਜਪਾਲ ਵੱਲੋਂ ਬੰਦ ਕਰਵਾਇਆ ਗਿਆ ਯੋਗਾ ਮੁੜ ਸ਼ੁਰੂ ਕੀਤਾ ਜਾਵੇਗਾ।

# ਜਲੰਧਰ ਜ਼ਿਮਨੀ ਚੋਣ ਲਈ 'ਆਪ' ਨੇ ਸੁਸ਼ੀਲ ਰਿੰਕੂ ਨੂੰ ਉਤਾਰਿਆ ਮੈਦਾਨ ਵਿਚ

ਸਫ਼ਾ 1 ਦੀ ਬਾਕੀ

ਜ਼ਿਕਰਯੋਗ ਹੈ ਕਿ ਸ੍ਰੀ ਮਾਨ ਨੇ ਇਸ ਮੌਕੇ ਇਹ ਵੀ ਕਿਹਾ ਕਿ ਉਹ ਬਦਲਾਖੋਰੀ ਦੀ ਰਾਜਨੀਤੀ ਨਹੀਂ ਕਰਨਗੇ ਸਗੋਂ ਇੱਕ ਸਾਲ ਅੰਦਰ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗਣਗੇ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਿਵੇਂ ਦਿੱਲੀ ਸਰਕਾਰ ਨੇ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕੰਮ ਕੀਤਾ ਹੈ, ਉਸੇ ਤਰ੍ਹਾਂ ਪੰਜਾਬ ਦੇ ਸਕੂਲਾਂ ਤੇ ਹਸਪਤਾਲ ਵੀ ਬਿਹਤਰ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਲਈ ਵਿਰੋਧੀ ਪਾਰਟੀਆਂ ਦਾ ਇਕਜੁੱਟ ਹੋਣਾ ਕੋਈ ਮਾਇਨੇ ਨਹੀਂ ਰੱਖਦਾ ਕਿਉਂਕਿ ਗਣਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ।


ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਪੂਤਿਨ-ਜਿਨਪਿੰਗ ਵਾਰਤਾ ਦਾ ਮਹੱਤਵ

**ਜੀ ਪਾਰਥਾਸਾਰਥੀ**

ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕਾਂ ਨੂੰ ਆਸ ਸੀ ਕਿ ਪੂਤਿਨ-ਜਿਨਪਿੰਗ ਸਿਖਰ ਵਾਰਤਾ ਠੁੱਸ ਸਾਬਿਤ ਹੋਵੇਗੀ ਹਾਲਾਂਕਿ ਮਾਸਕੋ ਵਿਚ ਹੋਈ ਇਸ ਹਾਲੀਆ ਵਾਰਤਾ ਵਿਚ ਚੀਨ ਅਤੇ ਰੂਸ ਨੇ ਅਮਰੀਕਾ ਦੀ ਅਗਵਾਈ ਹੇਠਲੇ ਆਲਮੀ ਨਿਜ਼ਾਮ ਤੋਂ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਂਝੇ ਤੌਰ 'ਤੇ ਟਾਕਰਾ ਕਰਨ ਲਈ ਇਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਅਮਰੀਕਾ ਅਤੇ ਇਸ ਦੇ ਯੂਰਪੀਅਨ ਸਹਿਯੋਗੀ ਯੂਕਰੇਨ ਜੰਗ ਸ਼ੁਰੂ ਹੋਣ ਤੋਂ ਬਾਅਦ ਰੂਸ ਖਿਲਾਫ਼ ਪਾਬੰਦੀਆਂ ਲਾਉਣ ਦੀ ਵਾਰ ਵਾਰ ਦੁਹਾਈ ਦਿੰਦੇ ਰਹੇ ਹਨ। ਪੱਛਮੀ ਦੇਸ਼ਾਂ ਵਲੋਂ ਇਹ ਬੇਤੁਕੀ ਉਮੀਦ ਵੀ ਲਗਾਈ ਜਾ ਰਹੀ ਸੀ ਕਿ ਚੀਨ ਉਨ੍ਹਾਂ ਨਾਲ ਮਿਲ ਕੇ ਰੂਸ ਨੂੰ ਪੱਛਮ ਅਤੇ ਯੂਕਰੇਨ ਦੀਆਂ ਸ਼ਰਤਾਂ 'ਤੇ ਯੂਕਰੇਨ 'ਚੋਂ ਨਿਕਲਣ ਲਈ ਰਾਜ਼ੀ ਕਰ ਲਵੇਗਾ। ਇਹ ਉਮੀਦ ਹੁਣ ਖ਼ਤਮ ਹੋ ਗਈ ਹੈ।

ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਹਾਲੀਆ ਮਾਸਕੋ ਫੇਰੀ ਮੌਕੇ ਰੂਸ ਅਤੇ ਚੀਨ ਦੇ ਸਾਂਝੇ ਬਿਆਨ ਵਿਚ ਸਪੱਸ਼ਟ ਆਖਿਆ ਗਿਆ ਹੈ ਕਿ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਨੂੰ ਸਾਰੇ ਦੇਸ਼ਾਂ ਦੇ ਵਾਜਬ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕਰਨ ਪਵੇਗਾ ਅਤੇ ਨਾਲ ਹੀ ਟਕਰਾਅ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਰੂਸ ਅਤੇ ਚੀਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਜ਼ਿੰਮੇਵਾਰਾਨਾ ਵਾਰਤਾ ਹੀ ਸਮੱਸਿਆਵਾਂ ਨੂੰ ਬੱਝਵੇਂ ਢੰਗ ਨਾਲ ਹੱਲ ਕਰਨ ਦਾ ਸਭ ਤੋਂ ਵਧੀਆ ਢੰਗ ਹੈ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਕੌਮਾਂਤਰੀ ਭਾਈਚਾਰੇ ਨੂੰ ਪ੍ਰਸੰਗਕ ਉਸਾਰੂ ਯਤਨਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਦਰਅਸਲ, ਇਸ ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਾਰੀਆਂ ਧਿਰਾਂ ਨੂੰ ਸੰਕਟ ਨੂੰ ਹੋਰ ਡੂੰਘਾ ਕਰਨ ਜਾਂ ਇਸ ਦੇ ਬੇਕਾਬੂ ਹੋ ਜਾਣ ਤੋਂ ਰੋਕਣ ਲਈ ਤਣਾਅ ਵਧਾਉਣ ਵਾਲੇ ਕਦਮਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਅੰਤ ਵਿਚ ਐਲਾਨਨਾਮੇ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਚੀਨ ਅਤੇ ਰੂਸ ਦੋਵੇਂ ਹੀ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਲਾਈਆਂ ਗਈਆਂ ਸਾਰੀਆਂ ਇਕਤਰਫ਼ਾ ਪਾਬੰਦੀਆਂ ਦਾ ਵਿਰੋਧ ਕਰਦੇ ਹਨ।

ਦੂਜੇ ਪਾਸੇ ਅਮਰੀਕਾ ਵਲੋਂ ਆਪਣੇ ਇਕ ਬਿਹਤਰੀਨ ਖੋਜੀ ਪੱਤਰਕਾਰ ਸਿਮੋਰ ਹਰਸ਼ ਵਲੋਂ ਕੀਤੇ ਗਏ ਇਸ ਖ਼ੁਲਾਸੇ ਦਾ ਖੰਡਨ ਕੀਤਾ ਗਿਆ ਹੈ ਕਿ ਰੂਸ ਤੋਂ ਜਰਮਨੀ ਤੱਕ ਗੈਸ ਸਪਲਾਈ ਕਰਨ ਵਾਲੀ ਸਮੁੰਦਰੀ ਬੇਸ਼ੀ ਗੈਸ ਪਾਈਪਲਾਈਨ (ਜਿਸ ਨੂੰ ਨੌਰਡਸਟ੍ਰੀਮ ਵੀ ਕਿਹਾ ਜਾਂਦਾ ਹੈ) ਨੂੰ ਵਾਸ਼ਿੰਗਟਨ ਨੇ ਤਬਾਹ ਕਰਵਾਇਆ ਹੈ। ਰੂਸ ਅਤੇ ਚੀਨ ਨੇ ਇਸ ਗੱਲ ਦੀ ਤਿੱਖੀ ਨਿਖੇਧੀ ਕੀਤੀ ਹੈ ਕਿ 'ਆਪਣੇ ਭੂ-ਰਾਜਸੀ ਮੰਤਵਾਂ ਦੀ ਪੂਰਤੀ ਲਈ ਹੋਰਨਾਂ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਲਈ ਅੱਤਵਾਦ ਦੇ ਬੈਨਰ ਹੇਠ ਦਹਿਸ਼ਤਗਰਦ ਅਤੇ ਅੱਤਵਾਦੀ ਜਥੇਬੰਦੀਆਂ ਦੀ ਵਰਤੋਂ ਕੀਤੀ ਗਈ ਹੈ।' ਰੂਸ ਅਤੇ ਚੀਨ ਨੇ ਮੰਗ ਕੀਤੀ ਹੈ ਕਿ ਬੇਸ਼ੀ ਪਾਈਪਲਾਈਨ 'ਤੇ ਵਿਸਫੋਟ ਕਰਨ ਦੀ ਘਟਨਾ ਦੀ ਨਿਰਪੱਖ ਅਤੇ ਪੇਸ਼ੇਵਰਾਨਾ ਜਾਂਚ ਕਰਵਾਈ ਜਾਵੇ। ਕੌਮਾਂਤਰੀ ਕਾਨੂੰਨ ਦੇ ਉਚਤਮ ਮਿਆਰਾਂ ਦੇ ਪਾਲਣ ਲਈ ਜਾਣ ਜਾਂਦੇ ਅਮਰੀਕਾ ਅਤੇ ਇੱਥੋਂ ਤੱਕ ਕਿ ਜਰਮਨੀ ਲਈ ਵੀ ਇਹ ਦਾਅਵਾ ਕਰਨਾ ਔਖਾ ਹੋ ਜਾਵੇਗਾ ਕਿ ਉਨ੍ਹਾਂ ਨੂੰ ਕੋਈ ਇਲਮ ਨਹੀਂ ਹੈ ਕਿ ਇਸ ਪਾਈਪਲਾਈਨ ਨੂੰ ਉਡਾਉਣ ਲਈ ਕੌਣ ਜ਼ਿੰਮੇਵਾਰ ਹੈ।

ਅਹਿਮ ਗੱਲ ਇਹ ਹੈ ਕਿ ਕੌਮਾਂਤਰੀ ਭਾਈਚਾਰੇ ਦੀਆਂ ਇਨ੍ਹਾਂ ਆਸਾਂ 'ਤੇ ਪਾਣੀ ਫਿਰ ਗਿਆ ਕਿ ਚੀਨ-ਰੂਸ ਨੂੰ ਯੂਕਰੇਨ 'ਚੋਂ ਆਪਣੀ ਫ਼ੌਜ ਵਾਪਸ ਬੁਲਾਉਣ ਲਈ ਰਾਜ਼ੀ ਕਰ ਸਕਦਾ ਹੈ। ਰੂਸ



ਅਤੇ ਚੀਨ ਨੇ ਐਲਾਨ ਕੀਤਾ ਹੈ ਕਿ ਸਾਰੇ ਮੁਲਕਾਂ ਦੇ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਖ਼ੇਮਿਆਂ ਦਰਮਿਆਨ ਟਕਰਾਅ ਵਧਾ ਕੇ ਬਲਦੀ 'ਤੇ ਤੇਲ ਛਿੜਕਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਚੀਨ ਇਹ ਗੱਲ ਕਹਿ ਕੇ ਕਿ 'ਸਮੱਸਿਆਵਾਂ ਨੂੰ ਬੱਝਵੇਂ ਰੂਪ ਵਿਚ ਹੱਲ ਕਰਨ ਦਾ ਸਭ ਤੋਂ ਵਧੀਆ ਰਾਹ ਜ਼ਿੰਮੇਵਾਰ ਸੰਵਾਦ ਹੈ', ਯੂਕਰੇਨ ਸੰਕਟ 'ਤੇ ਰੂਸ ਦੀ ਪੁਜ਼ੀਸ਼ਨ ਦੀ ਡਟ ਕੇ ਹਮਾਇਤ ਕਰ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਚੀਨ ਵਲੋਂ ਰੂਸ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਹਮਾਇਤ ਦਾ ਭਰੋਸਾ ਦਿੱਤਾ ਗਿਆ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਟਕਰਾਅ ਵਿਚ ਸ਼ਾਮਲ ਸਾਰੀਆਂ ਧਿਰਾਂ ਅਜਿਹੇ ਸਾਰੇ ਕਦਮ ਰੋਕ ਸਕਣ ਜਿਨ੍ਹਾਂ ਕਰ ਕੇ ਤਣਾਅ ਵਧਦਾ ਹੈ ਅਤੇ ਜੰਗ ਖ਼ਤਮ ਹੋਣ ਵਿਚ ਦੇਰੀ ਹੁੰਦੀ ਹੈ। ਦੋਵੇਂ ਮੁਲਕਾਂ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਲਾਈਆਂ ਗਈਆਂ ਸਾਰੀਆਂ ਪਾਬੰਦੀਆਂ ਦਾ ਵੀ ਵਿਰੋਧ ਕੀਤਾ ਹੈ। ਪੂਤਿਨ ਨੂੰ ਆਪਣੇ ਚੀਨੀ ਮਹਿਮਾਨ ਤੋਂ ਜਿੰਨੀ ਹਮਾਇਤ ਮਿਲੀ ਹੈ, ਉਸ ਤੋਂ ਵੱਧ ਉਨ੍ਹਾਂ ਉਮੀਦ ਵੀ ਨਹੀਂ ਕੀਤੀ ਹੋਵੇਗੀ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਚੀਨ ਵਲੋਂ ਮਾਸਕੋ ਨੂੰ ਲੋੜੀਂਦਾ ਫ਼ੌਜੀ ਸਾਜ਼ੋ ਸਾਮਾਨ ਮੁਹੱਈਆ ਕਰਵਾਇਆ ਜਾਂਦਾ ਹੈ ਜਾਂ ਨਹੀਂ।

ਇਨ੍ਹਾਂ ਘਟਨਾਕ੍ਰਮਾਂ ਤੋਂ ਸਭ ਤੋਂ ਵੱਧ ਚਿੰਤਤ ਮੁਲਕਾਂ ਵਿਚ ਅਮਰੀਕਾ ਅਤੇ ਇਸ ਦੇ ਨਾਟੋ ਸਹਿਯੋਗੀ ਸ਼ਾਮਲ ਹਨ। ਇਸ ਸਾਂਝੇ ਐਲਾਨਨਾਮੇ ਨੇ ਅਖੌਤੀ ਕੌਮਾਂਤਰੀ ਭਾਈਚਾਰੇ ਦੀ ਤਰਫ਼ੋਂ ਬੋਲਣ ਵਾਲੀਆਂ ਪੱਛਮੀ ਸ਼ਕਤੀਆਂ ਦੇ ਉਹ ਸਾਰੇ ਭਰਮ ਖ਼ਤਮ ਕਰ ਦਿੱਤੇ ਹਨ ਕਿ ਯੂਕਰੇਨ ਵਿਚ ਚੱਲ ਰਹੇ ਟਕਰਾਅ ਦੇ ਖ਼ਾਤਮੇ ਦੇ ਤੌਰ ਤਰੀਕੇ 'ਤੇ ਚੀਨ ਉਨ੍ਹਾਂ ਦਾ ਸਾਥ ਦੇਵੇਗਾ। ਚੀਨ ਅਤੇ ਰੂਸ ਹੁਣ ਇਸ ਗੱਲ 'ਤੇ ਸਹਿਮਤ ਹਨ ਕਿ ਯੂਕਰੇਨ ਸੰਕਟ ਨੂੰ ਤਦ ਹੀ ਸੁਲਝਾਇਆ ਜਾ ਸਕਦਾ ਹੈ ਜੇ ਸਾਰੇ ਦੇਸ਼ਾਂ ਦੇ ਸੁਰੱਖਿਆ ਸਰੋਕਾਰਾਂ ਦਾ ਸਤਿਕਾਰ ਕੀਤਾ ਜਾਵੇਗਾ ਅਤੇ ਸਾਰਥਿਕ ਗੱਲਬਾਤ ਸ਼ੁਰੂ ਕੀਤੀ ਜਾਵੇਗੀ। ਦੋਵਾਂ ਮੁਲਕਾਂ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਪ੍ਰਵਾਨਗੀ ਤੋਂ ਬਗ਼ੈਰ ਪਾਬੰਦੀਆਂ ਲਾਉਣ ਦਾ ਵਿਰੋਧ ਕੀਤਾ। ਰੂਸ ਨੂੰ ਹੁਣ ਯੂਕਰੇਨ ਵਿਚ ਆਪਣੀ ਕਾਰਵਾਈ 'ਤੇ ਚੀਨ ਦੀ ਪੂਰੀ ਹਮਾਇਤ ਦਾ ਯਕੀਨ ਹੋ ਗਿਆ ਹੈ। ਚੀਨ ਅਤੇ ਰੂਸ ਨੇ ਇਹ ਸੰਕੇਤ ਵੀ ਦਿੱਤੇ ਹਨ ਕਿ ਉਨ੍ਹਾਂ ਨੂੰ ਪੱਛਮੀ ਦੇਸ਼ਾਂ ਵਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਕੋਈ ਪ੍ਰਵਾਹ ਨਹੀਂ ਹੈ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਅਮਰੀਕਾ ਨੂੰ ਹੁਣ ਰੂਸ ਦੇ ਸੁਰੱਖਿਆ ਸਰੋਕਾਰਾਂ ਅਤੇ ਦੱਖਣ-ਪੂਰਬੀ ਯੂਕਰੇਨ ਵਿਚ ਰਹਿੰਦੇ ਰੂਸੀਆਂ ਦੀ ਸੁਰੱਖਿਆ ਮੁਤੱਲਕ ਨਵੇਂ ਸਿਰੇ ਤੋਂ ਸੋਚਣਾ ਪਵੇਗਾ ਜਦਕਿ ਇਸ ਦੇ ਨਾਲ ਹੀ ਇਸ ਹਕੀਕਤ ਦਾ ਸਾਹਮਣਾ ਵੀ ਕਰਨਾ ਪਵੇਗਾ ਕਿ ਰੂਸ ਕ੍ਰਾਇਮੀਆ ਵਿਚ ਆਪਣੀ ਮੌਜੂਦਗੀ ਬਰਕਰਾਰ ਰੱਖਣਾ ਚਾਹੁੰਦਾ ਹੈ ਜਿੱਥੇ ਇਹ ਤਿੰਨ ਸਦੀਆਂ ਤੋਂ ਪ੍ਰਭੂਸੱਤਾ ਦਾ ਇਸਤੇਮਾਲ ਕਰਦਾ ਰਿਹਾ ਸੀ।

ਜਿਨਪਿੰਗ-ਪੂਤਿਨ ਐਲਾਨਨਾਮੇ ਤੋਂ ਇਹ ਸਾਫ਼ ਸੰਕੇਤ ਮਿਲਿਆ ਹੈ ਕਿ ਚੀਨ ਅਤੇ ਰੂਸ ਇਕ ਦੂਜੇ ਦੇ ਸੁਰੱਖਿਆ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਇਕ ਦੂਜੇ ਦਾ ਸਾਥ ਦੇਣ ਲਈ ਤਿਆਰ ਹਨ। ਹਾਲਾਂਕਿ ਇਸ ਐਲਾਨਨਾਮੇ ਵਿਚ ਖੇਤਰੀ ਸਹਿਯੋਗ ਦੇ ਕੁੱਝ ਮੁੱਦਿਆਂ ਬਾਬਤ ਭਾਰਤ ਦਾ ਜ਼ਿਕਰ ਆਇਆ ਹੈ ਪਰ ਇਸ ਵਿਚ ਹੋਰ ਕੁਝ ਵੀ ਅਜਿਹਾ ਨਹੀਂ ਹੈ, ਜਿਸ 'ਤੇ ਇਸ ਨੂੰ ਕੋਈ ਇਤਰਾਜ਼ ਹੋ ਸਕਦਾ ਹੈ। ਇਹ ਗੱਲ ਉਭਰ ਕੇ ਸਾਹਮਣੇ ਆ ਗਈ ਹੈ ਕਿ ਰੂਸ ਅਤੇ ਚੀਨ ਅਮਰੀਕਾ ਅਤੇ ਇਸ ਦੇ ਨਾਟੋ ਸਹਿਯੋਗੀਆਂ ਨਾਲ ਸਿੱਝਣ ਲਈ ਇਕਮੱਤ ਹਨ। ਇਹ ਵੀ ਪਤਾ ਚੱਲਿਆ ਹੈ ਕਿ ਚੀਨ ਚਾਹੁੰਦਾ ਹੈ ਕਿ ਹਾਂਦਰੂ ਲਿਹਾਜ਼ ਤੋਂ ਭਾਰਤ ਦਾ ਕੋਈ ਖ਼ਾਸ ਜ਼ਿਕਰ ਨਾ ਆਵੇ। ਚੀਨ ਆਪਣੇ ਆਰਥਿਕ ਦਬਦਬੇ ਅਤੇ ਫ਼ੌਜੀ ਰੁਤਬੇ ਬਦਲੇ ਆਲਮੀ ਮਾਨਤਾ ਹਾਸਲ ਕਰਨ ਲਈ ਜਿਸ ਤਰ੍ਹਾਂ ਆਪਣੇ ਗੁਮਾਨ ਦਾ ਵਿਖਾਵਾ ਕਰ ਰਿਹਾ ਹੈ ਤਾਂ ਇਸ 'ਤੇ ਕਿਸੇ ਨੂੰ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਚੀਨ ਵਲੋਂ ਤੇਲ ਸਰੋਤਾਂ ਨਾਲ ਭਰਪੂਰ ਖਾੜੀ ਖਿੱਤੇ ਅੰਦਰ ਇਕ ਸਮੂਹਿਕ ਸੁਰੱਖਿਆ ਚੌਖਟਾ ਉਸਾਰਨ ਲਈ ਚੀਨੀ-ਰੂਸੀ ਸਹਿਯੋਗ 'ਤੇ ਵੀ ਕਾਫ਼ੀ ਧਿਆਨ ਦਿੱਤਾ ਗਿਆ ਹੈ। ਚੀਨ ਅਤੇ ਰੂਸ ਇਸ ਗੱਲੋਂ ਕਾਫ਼ੀ ਖ਼ੁਸ਼ ਨਜ਼ਰ ਆ ਰਹੇ ਹਨ ਕਿ ਬਾਇਡਨ ਪ੍ਰਸ਼ਾਸਨ ਦੀ ਕੋਝੀ ਕੂਟਨੀਤੀ ਸਦਕਾ ਉਹ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਾਉਣ ਵਿਚ ਕਾਮਯਾਬ ਰਹੇ ਹਨ। ਸੀਰੀਆ ਅਤੇ ਸਾਊਦੀ ਅਰਬ ਵਿਚਕਾਰ ਵੀ ਆਮ ਵਰਗੇ ਸਬੰਧ ਕਾਇਮ ਕਰਨ ਲਈ ਇਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਇਨ੍ਹਾਂ ਘਟਨਾਵਾਂ ਕਰ ਕੇ ਖਾੜੀ ਖੇਤਰ ਅੰਦਰ ਰੂਸ ਅਤੇ ਚੀਨ ਦੀ ਮੌਜੂਦਗੀ ਜ਼ਿਆਦਾ ਮਜ਼ਬੂਤ ਹੋ ਜਾਵੇਗੀ ਤੇ ਨਾਲ ਹੀ ਇਸ ਖਿੱਤੇ ਅੰਦਰ ਇਕ ਸਮੂਹਿਕ ਸੁਰੱਖਿਆ ਚੌਖਟਾ ਉਸਾਰਨ ਲਈ ਮਿਲ ਕੇ ਕੰਮ ਕਰਨ ਦਾ ਅਹਿਦ ਵੀ ਲਿਆ ਗਿਆ ਹੈ।

ਰੂਸ ਅਤੇ ਚੀਨ ਵਿਚਕਾਰ ਆਪਸੀ ਸਹਿਯੋਗ ਵਧਣ ਨਾਲ ਰੂਸ ਦੇ ਭਾਰਤ ਨਾਲ ਸਬੰਧਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਕੁਝ ਸ਼ੰਕੇ ਲਾਏ ਜਾਂਦੇ ਰਹੇ ਹਨ। ਰੂਸ ਇਕ ਲੰਮੇ ਅਰਸੇ ਤੋਂ ਭਾਰਤ ਨੂੰ ਆਧੁਨਿਕ ਹਥਿਆਰ ਮੁਹੱਈਆ ਕਰਦਾ ਆ ਰਿਹਾ ਹੈ। ਰੂਸ ਨੇ ਪ੍ਰਮਾਣੂ ਪਣਡੁੱਬੀਆਂ ਬਣਾਉਣ ਲਈ ਵੀ ਭਾਰਤ ਦੀ ਮਦਦ ਕੀਤੀ ਹੈ। ਭਾਰਤ ਵਲੋਂ ਰੂਸੀ ਡਿਜ਼ਾਈਨ ਵਾਲੀਆਂ ਬ੍ਰਹਮੋਸ ਮਿਸਾਈਲਾਂ ਦਾ ਉਤਪਾਦਨ ਵੀ ਕੀਤਾ ਜਾ ਰਿਹਾ ਹੈ ਜੋ ਇਸ ਨੇ ਦੋਸਤ ਮੁਲਕਾਂ ਨੂੰ ਮੁਹੱਈਆ ਕਰਵਾਈਆਂ ਹਨ। ਇਸ ਤੋਂ ਇਲਾਵਾ ਭਾਰਤ ਰੂਸ ਤੋਂ ਰਿਆਇਤੀ ਦਰਾਂ 'ਤੇ ਪੈਟਰੋਲੀਅਮ ਪਦਾਰਥ ਖਰੀਦ ਰਿਹਾ ਹੈ ਜਿਸ ਨਾਲ ਭਾਰਤ ਨੂੰ ਅਦਾਇਗੀਆਂ ਦਾ ਭੁਗਤਾਨ ਸੰਤੁਲਤ ਕਰਨ ਵਿਚ ਮਦਦ ਮਿਲੀ ਹੈ। ਦੂਜੇ ਬੰਨੇ, ਰੂਸ ਜ਼ਾਹਰਾ ਤੌਰ 'ਤੇ ਇਹ ਸਮਝ ਰਿਹਾ ਹੈ ਕਿ ਭਾਰਤ ਦੀ ਅਮਰੀਕਾ ਨਾਲ ਵਧਦੀ ਸੁਰੱਖਿਆ ਸਾਂਝ ਭਿਆਲੀ ਅਤੇ ਇਸ ਦੇ ਨਾਲ ਹੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਕੁਆਡ ਅਤੇ ਆਈ2ਯੂ2 ਜਿਹੇ ਸਮੂਹਾਂ ਨਾਲ ਇਸ ਦੇ ਸੁਰੱਖਿਆ ਸਬੰਧ ਹੋਰ ਵਧਦੇ ਰਹਿਣਗੇ। ਹਾਲਾਂਕਿ, ਰੂਸ ਇਸ ਗੱਲੋਂ ਖਫ਼ਾ ਸੀ ਕਿ ਪਾਕਿਸਤਾਨ ਨੇ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਵਾਏ ਹਨ ਜਦਕਿ ਚੀਨ ਇਹ ਹਰ ਸੰਭਵ ਕੋਸ਼ਿਸ਼ ਕਰੇਗਾ ਕਿ ਮਾਸਕੋ ਨੂੰ ਪਾਕਿਸਤਾਨ ਤੋਂ ਮਦਦ ਮਿਲਦੀ ਰਹੇ। ਇਸ ਦੌਰਾਨ, ਰਣਨੀਤਕ ਖ਼ੁਦਮੁਖ਼ਤਾਰੀ ਭਾਰਤ ਦੀਆਂ ਰੱਖਿਆ ਤੇ ਵਿਦੇਸ਼ ਨੀਤੀਆਂ ਦਾ ਪਛਾਣ ਚਿੰਨ੍ਹ ਬਣੀ ਰਹਿਣੀ ਚਾਹੀਦੀ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

- Criminal Law
- Divorce Cases
- Immigration Law
- Notary Services

Your Lawyers, Because We Care

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਅਮਰੀਕਾ 'ਚ ਤਲਵੰਡੀ ਦੇ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ

ਬੇਗੋਵਾਲ-ਜ਼ਿਲ੍ਹਾ ਕਪੂਰਥਲਾ ਦੇ ਪਿੰਡ ਤਲਵੰਡੀ ਕੂਕਾ ਦੇ ਨੌਜਵਾਨ ਦੀ ਅਮਰੀਕਾ ਦੇ ਮੈਰੀਲੈਂਡ 'ਚ ਹੋਏ ਸੜਕ ਹਾਦਸੇ 'ਚ ਮੌਤ ਗਈ । ਇਸ ਸੰਬੰਧੀ ਮ੍ਰਿਤਕ ਰਾਜਵਿੰਦਰ ਸਿੰਘ (22) ਦੇ ਪਿਤਾ ਤਰਲੋਕ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਮੇਰਾ ਬੇਟਾ ਰਾਜਵਿੰਦਰ ਸਿੰਘ 17 ਸਾਲ ਦੀ ਉਮਰ 'ਚ ਵਿਦੇਸ਼ ਅਮਰੀਕਾ ਚਲਾ ਗਿਆ ਸੀ, ਜਿੱਥੇ ਕੁਝ ਸਮਾਂ ਸਟੋਰ 'ਤੇ ਕੰਮ ਕਰਨ ਉਪਰੰਤ ਟਰਾਲਾ ਚਲਾਉਣ ਲੱਗ ਪਿਆ ਸੀ ਤੇ ਬੀਤੇ ਦਿਨ ਉਹ ਆਪਣਾ ਟਰਾਲਾ ਖੜ੍ਹਾ ਕਰਕੇ ਸਟੋਰ ਤੋਂ ਕੁਝ ਸਮਾਨ ਲੈਣ ਚੱਲਿਆ ਸੀ ਕਿ ਤਾਂ ਅਚਾਨਕ ਇਕ ਕਾਰ ਨੇ ਪਿੱਛੋਂ ਦੀ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋਣ ਕਰਕੇ ਉਸ ਦੀ ਮੌਤ ਹੋ ਗਈ। ਪਰਿਵਾਰ ਦੀ ਮੰਗ ਹੈ ਕਿ ਮ੍ਰਿਤਕ ਦੀ ਦੇਹ ਭਾਰਤ ਲਿਆਉਣ ਲਈ ਸਰਕਾਰ ਉਪਰਾਲਾ ਕਰੇ।





# ਰਾਵਲਪਿੰਡੀ (ਪਾਕਿਸਤਾਨ) ਵਿਖੇ ਅੰਤਰ-ਰਾਸ਼ਟਰੀ ਪੱਤਰਕਾਰ ਸੰਤੋਖ ਸਿੰਘ ਮੰਡੇਰ ਦਾ ਸਨਮਾਨ

ਸਰੀ (ਹਰਦਮ ਮਾਨ)-ਪੋਠੋਹਾਰ ਇਲਾਕੇ ਦੀ ਨਾਮਵਰ ਸਮਾਜਿਕ ਸੰਸਥਾ 'ਗੱਖੜ ਫੈਡਰੇਸਨ' ਵੱਲੋਂ ਗੌਲਫ ਕੱਲਬ ਰਾਵਲਪਿੰਡੀ ਵਿਖੇ ਕਰਵਾਏ ਗਏ ਇਕ ਸਮਾਰੋਹ ਵਿਚ ਸਰੀ ਨਿਵਾਸੀ ਅੰਤਰ-ਰਾਸ਼ਟਰੀ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਨੂੰ ਉਨ੍ਹਾਂ ਦੀਆਂ ਵਿਸ਼ਵ ਭਰ ਵਿਚ ਖੇਡ ਅਤੇ ਸਮਾਜ ਸੇਵਾਵਾਂ ਲਈ ਉਚੇਚਾ ਸਨਮਾਨ ਦਿੱਤਾ ਗਿਆ। ਇਸ ਸਮਾਗਮ ਵਿਚ ਗੱਖੜ ਭਾਈਚਾਰੇ ਦੀਆਂ 35 ਤੋਂ ਵੱਧ ਨਾਮਵਰ ਸ਼ਖਸੀਅਤਾਂ ਨੇ ਹਿੱਸਾ ਲਿਆ। ਪਾਕਿਸਤਾਨੀ ਫੌਜ ਅਤੇ ਏਅਰਫੋਰਸ ਦੇ ਵੱਡੇ ਅਫਸਰ, ਡੀ.ਸੀ., ਮਾਲ ਵਿਭਾਗ ਦੇ ਨਾਮਵਰ ਨੁੰਮਾਇੰਦੇ,ਪੁਲੀਸ ਵਿਭਾਗ ਦੇ ਉੱਚ ਅਧਿਕਾਰੀ,ਉੱਘੇ ਜ਼ਿਮੀਦਾਰ ਅਤੇ ਟਰਾਂਸਪੋਰਟਰ ਵੀ ਇਸ ਵਿਸ਼ੇਸ ਸਮਾਗਮ ਵਿਚ ਸ਼ਾਮਲ ਸਨ।

# ਨਸ਼ੇੜੀ ਨੇ ਪਤਨੀ ਤੇ ਪੁੱਤਰ ਨੂੰ ਕੁਹਾੜੀ ਮਾਰ ਕੀਤਾ ਜ਼ਖ਼ਮੀ

ਸਮਰਾਲਾ-ਇਥੋਂ ਦੇ ਨਜ਼ਦੀਕੀ ਪਿੰਡ ਕੋਟਾਲਾ 'ਚ ਇਕ ਨਸ਼ੇੜੀ ਵਿਅਕਤੀ ਨੇ ਆਪਣੀ ਪਤਨੀ ਅਤੇ 17 ਸਾਲ ਦੇ ਪੁੱਤਰ ਨੂੰ ਤੇਜ਼ਧਾਰ ਕੁਹਾੜੀ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤੇ ਜਾਣ ਦਾ ਸਮਾਚਾਰ ਹੈ। ਘਟਨਾ ਕਾਰਨ ਅਜਿਹਾ ਸਹਿਮ ਸੀ ਕਿ ਕਿਸੇ ਪਿੰਡ ਵਾਸੀ ਨੇ ਖ਼ੇਤਾਂ ਵਿਚ ਤੜਫ਼ ਰਹੇ ਮਾਂ-ਪੁੱਤ ਦੇ ਨੇੜੇ ਜਾਣ ਦੀ ਹਿੰਮਤ ਨਹੀਂ ਕੀਤੀ। ਮਿਲੀ ਜਾਣਕਾਰੀ ਅਨੁਸਾਰ ਕਾਰਪੇਂਟਰ ਦਾ ਕੰਮ ਕਰਦਾ ਕਥਿਤ ਦੋਸ਼ੀ ਹਰਜੀਤ ਸਿੰਘ (40) ਨਸ਼ਿਆਂ ਦਾ ਆਦੀ ਦੱਸਿਆ ਜਾਂਦਾ ਹੈ, ਜਿਸ ਨੇ ਅੱਜ ਤੜਕੇ ਆਪਣੀ ਪਤਨੀ ਜਸਵਿੰਦਰ ਕੌਰ (37) ਅਤੇ 16 ਸਾਲ ਦੇ ਪੁੱਤਰ ਲਵਪ੍ਰੀਤ ਸਿੰਘ ਨੂੰ ਘਰ ਦੇ ਨੇੜੇ ਹੀ ਖ਼ੇਤਾਂ ਵਿਚ ਲਿਜਾ ਕੇ ਕੁਹਾੜੀ ਨਾਲ ਵੱਢ ਦਿੱਤਾ। ਇਸ ਘਟਨਾ ਦਾ ਪਤਾ ਲੱਗਦੇ ਹੀ ਜਸਵਿੰਦਰ ਕੌਰ ਦੇ ਪੇਕੇ ਪਰਿਵਾਰ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਨੂੰ ਹਸਪਤਾਲ ਪਹੁੰਚਾਇਆ ਪਰ ਹਾਲਤ ਗੰਭੀਰ ਹੋਣ 'ਤੇ ਡਾਕਟਰਾਂ ਨੇ ਮਾਂ-ਪੁੱਤਰ ਨੂੰ ਚੰਡੀਗੜ੍ਹ ਪੀ.ਜੀ.ਆਈ. ਰੈਫ਼ਰ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਦੋਸ਼ੀ ਆਪਣੇ 14 ਸਾਲ ਦੇ ਬੇਟੇ ਨੂੰ ਆਪਣੇ ਨਾਲ ਲੈ ਕੇ ਫ਼ਰਾਰ ਹੋਇਆ ਦੱਸਿਆ ਜਾਂਦਾ ਹੈ। ਘਟਨਾ ਤੋਂ ਬਾਅਦ ਪੁਲਿਸ ਹਰਜੀਤ ਸਿੰਘ ਦੀ ਭਾਲ ਕਰ ਰਹੀ ਹੈ, ਤਾਂ ਜੋ ਉਸ ਪਾਸੋਂ ਛੋਟੇ ਪੁੱਤਰ ਨੂੰ ਛੁਡਵਾਇਆ ਜਾ ਸਕੇ।

# 15 ਸਾਲ ਦੀ ਸਖ਼ਤ ਮਿਹਨਤ ਦੇ ਬਾਵਜੂਦ ਵੀ ਆਸਟ੍ਰੇਲੀਆ ਛੱਡਣ ਦੇ ਹੁਕਮ

ਮੈਲਬੋਰਨ-ਆਸਟ੍ਰੇਲੀਆ ਦੇ ਗੋਲਡ ਕੋਸਟ ਵਿਚ ਰਹਿ ਰਹੇ ਪਰਮਿੰਦਰ ਸਿੰਘ ਨਾਂਅ ਦੇ ਪੰਜਾਬੀ ਨੌਜਵਾਨ ਨੂੰ ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਦੁਆਰਾ 31 ਮਈ ਤੋਂ ਪਹਿਲਾਂ ਪਹਿਲਾਂ ਦੇਸ਼ ਛੱਡਣ ਦੇ ਹੁਕਮ ਜਾਰੀ ਕੀਤੇ ਹਨ। ਗੱਲਬਾਤ ਕਰਦੇ ਹੋਏ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਹ 2008 'ਚ ਪੰਜਾਬ ਦੇ ਰੋਪੜ ਜ਼ਿਲ੍ਹੇ ਤੋਂ ਆਸਟ੍ਰੇਲੀਆ ਵਿਦਿਆਰਥੀ ਵੀਜ਼ੇ 'ਤੇ ਆਇਆ ਸੀ । ਇਸ ਸਮੇਂ ਦੌਰਾਨ ਉਸ ਨੇ ਵੱਖ-ਵੱਖ ਖੇਤਰਾਂ ਦੇ ਵਿਚ ਪੜ੍ਹਾਈ ਕਰਕੇ ਤਜਰਬਾ ਹਾਸਿਲ ਕਰਨ ਤੋਂ ਬਾਅਦ ਆਪਣੇ ਪੱਕੇ ਹੋਣ ਲਈ ਸਮੇਂ ਸਮੇਂ ਉੱਤੇ ਅਰਜ਼ੀਆਂ ਇਮੀਗ੍ਰੇਸ਼ਨ ਵਿਭਾਗ ਨੂੰ ਦਿੱਤੀਆਂ, ਜਿਨ੍ਹਾਂ ਵਿਚ ਖ਼ਾਮੀਆਂ ਕੱਢ ਕੇ ਇਮੀਗ੍ਰੇਸ਼ਨ ਵਿਭਾਗ ਦੁਆਰਾ ਉਨ੍ਹਾਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ । ਪਰਮਿੰਦਰ ਨੇ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਉਹ ਅਤੇ ਉਸ ਦੀ ਪਤਨੀ ਨੇ ਸਖ਼ਤ ਮਿਹਨਤ ਕਰਕੇ ਬਹੁਤ ਸਾਰਾ ਟੈਕਸ ਆਸਟ੍ਰੇਲੀਆ ਸਰਕਾਰ ਦੇ ਖਜ਼ਾਨੇ 'ਚ ਪਾਇਆ ਹੈ । ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਰਮਿੰਦਰ ਸਿੰਘ ਦਾ 8 ਸਾਲ ਦਾ ਪੁੱਤਰ ਜੋ ਕਿ ਆਸਟ੍ਰੇਲੀਆ 'ਚ ਜੰਮਿਆ ਹੈ, ਨੂੰ ਸਰਕਾਰ ਨੇ ਪਰਮਿੰਦਰ ਸਿੰਘ ਦੇ ਖਰਚੇ ਉੱਤੇ ਪੜ੍ਹਾਈ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਸਰਕਾਰ ਵਲੋਂ ਪਰਮਿੰਦਰ ਸਿੰਘ ਵਿਰੁੱਧ ਲਏ ਗਏ ਇਸ ਫੈਸਲੇ ਨੂੰ ਲੈ ਕੇ ਆਮ ਲੋਕਾਂ ਦੁਆਰਾ ਇਕ ਪਟੀਸ਼ਨ ਪਾਉਣ ਲਈ ਦਸਤਖ਼ਤ ਮੁਹਿੰਮ ਵੀ ਚਲਾਈ ਜਾ ਰਹੀ ਹੈ । ਇਸ ਤੋਂ ਪਹਿਲਾਂ ਵੀ ਆਸਟ੍ਰੇਲੀਆ ਦਾ ਇਮੀਗ੍ਰੇਸ਼ਨ ਵਿਭਾਗ ਬਹੁਤ ਸਾਰੇ ਪੰਜਾਬੀ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਚੁੱਕਾ ਹੈ ।

# ਅਮਰੀਕਾ ਦੇ ਬਾਰਾਂ ਤੇ ਨਾਈਟ ਕਲੱਬਾਂ 'ਚ ਲੁੱਟਮਾਰ ਤੇ ਕਤਲ ਕਰਨ ਦੇ ਮਾਮਲੇ 'ਚ ਗ੍ਰਿਫ਼ਤਾਰ

ਸੈਕਰਾਮੈਂਟੋ, 5 ਅਪ੍ਰੈਲ (ਹੁਸਨ ਲੜੋਆ ਬੰਗਾ)-ਨਿਊਯਾਰਕ ਦੀਆਂ ਬਾਰਾਂ ਤੇ ਨਾਈਟ ਕਲੱਬਾਂ 'ਚ ਲੁੱਟਮਾਰ ਕਰਨ ਦੀਆਂ ਦਰਜਨ ਤੋਂ ਵਧ ਘਟਨਾਵਾਂ 'ਚ ਸ਼ਾਮਿਲ 4 ਵਿਅਕਤੀਆਂ ਨੂੰ ਗਿ੍ਫ਼ਤਾਰ ਕਰਨ ਦੀ ਖ਼ਬਰ ਹੈ। ਮੈਨਹਟਨ ਡਿਸਟਿ੍ਕਟ ਅਟਾਰਨੀ ਦੇ ਦਫ਼ਤਰ ਅਨੁਸਾਰ ਇਨ੍ਹਾਂ ਵਿਚ ਦੋ ਸ਼ੱਕੀਆਂ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਰਾਬਰਟ ਡੈਮਾਇਓ (34) ਤੇ ਜੈਕੋਬ ਬਾਰੋਸੋ (30) ਵਿਰੁੱਧ ਦੂਸਰਾ ਦਰਜਾ ਕਤਲ, ਲੁੱਟਮਾਰ ਤੇ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ ਜਦ ਕਿ ਆਂਦਰੇ ਬਟਸ ਤੇ ਸ਼ੇਨ ਹੋਸਕਿੰਸ ਵਿਰੁੱਧ ਲੁੱਟਮਾਰ ਕਰਨ ਤੇ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਇਸਤਗਾਸਾ ਪੱਖ ਅਨੁਸਾਰ ਇਹ ਚਾਰੇ ਸ਼ੱਕੀ ਬਾਰ ਜਾਂ ਨਾਈਟ ਕਲੱਬ ਵਿਚੋਂ ਨਿਕਲੇ ਸ਼ਰਾਬੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ। ਇਹ ਸ਼ੱਕੀ ਬਾਰਾਂ ਵਿਚੋਂ ਨਿਕਲ ਰਹੇ ਲੋਕਾਂ ਨਾਲ ਗੱਲਬਾਤ ਕਰਦੇ ਸਨ ਤੇ ਉਨ੍ਹਾਂ ਨੂੰ ਗੈਰ ਕਾਨੂੰਨੀ ਜ਼ਹਿਰੀਲੇ ਪਦਾਰਥ ਦੀ ਪੇਸ਼ਕਸ਼ ਕਰਦੇ ਸਨ। ਉਹ ਸ਼ਰਾਬੀ ਹਾਲਤ ਵਿਚ ਪੀੜਤਾਂ ਕੋਲੋਂ ਕਰੈਡਿਟ ਕਾਰਡ ਦੀ ਜਾਣਕਾਰੀ ਲੈਂਦੇ ਸਨ ਤਾਂ ਜੋ ਉਹ ਉਸ ਦੀ ਵਰਤੋਂ ਸਟੋਰਾਂ ਤੋਂ ਖਰੀਦਦਾਰੀ ਕਰਨ ਲਈ ਕਰ ਸਕਣ। ਡੈਮਾਇਓ ਤੇ ਬਾਰੋਸੋ ਵਿਰੁੱਧ 21 ਅਪ੍ਰੈਲ, 2022 ਨੂੰ ਲੁੱਟਮਾਰ ਦੌਰਾਨ ਜੂਲੀਓ ਸੇਸਰ ਰਮੀਰੇਜ਼ (25) ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਵੀ ਲਾਏ ਗਏ ਹਨ। ਡੈਮਾਇਓ 28 ਮਈ 2022 ਨੂੰ ਜੌਹਨ ਉਮਰਗਰ (33) ਨਾਮੀ ਵਿਅਕਤੀ ਦੀ ਲੁੱਟਮਾਰ ਦੌਰਾਨ ਹੱਤਿਆ ਕਰਨ ਦਾ ਵੀ ਸ਼ੱਕੀ ਦੋਸ਼ੀ ਹੈ। ਇਹ ਦੋਨੋਂ ਹੱਤਿਆਵਾਂ ਮੈਨਹਟਨ ਦੀਆਂ ਗੇਅ ਬਾਰਾਂ ਵਿਚ ਹੋਈਆਂ ਸਨ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3





# ਸਰੀ 'ਚ ਕ੍ਰਿਸ਼ਨ ਭਨੋਟ ਦਾ ਗ਼ਜ਼ਲ ਸੰਗ੍ਰਹਿ 'ਗਹਿਰੇ ਪਾਣੀਆਂ ਵਿਚ' ਅਤੇ ਰਾਜਵੰਤ ਰਾਜ ਦਾ ਨਾਵਲ 'ਵਰੋਲੇ ਦੀ ਜੂਨ' ਰਿਲੀਜ਼

ਸਰੀ (ਹਰਦਮ ਮਾਨ)–ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨ ਨਿਊਟਨ ਲਾਇਬਰੇਰੀ ਵਿਚ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਪੰਜਾਬੀ ਦੇ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਦਾ ਗ਼ਜ਼ਲ ਸੰਗ੍ਰਹਿ 'ਗਹਿਰੇ ਪਾਣੀਆਂ ਵਿਚ' ਅਤੇ ਰਾਜਵੰਤ ਰਾਜ ਦਾ ਨਾਵਲ 'ਵਰੋਲੇ ਦੀ ਜੂਨ' ਲੋਕ ਅਰਪਣ ਕੀਤੇ ਗਏ ਅਤੇ ਇਨ੍ਹਾਂ ਦੋਹਾਂ ਪੁਸਤਕਾਂ ਉੱਪਰ ਵਿਚਾਰ ਚਰਚਾ ਹੋਈ। ਇਸ ਸਮਾਗਮ ਦੀ ਪ੍ਰਧਾਨ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਡਾ. ਪਿਰਥੀਪਾਲ ਸਿੰਘ ਸੋਹੀ, ਸ਼ਾਇਰ ਕ੍ਰਿਸ਼ਨ ਭਨੋਟ ਅਤੇ ਨਾਵਲਕਾਰ ਰਾਜਵੰਤ ਰਾਜ ਨੇ ਕੀਤੀ। ਸਮਾਗਮ ਦੇ ਆਗਾਜ਼ ਵਿਚ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਗ਼ਜ਼ਲ ਮੰਚ ਦੀ ਸਥਾਪਨਾ, ਇਸ ਦੇ ਕਾਰਜਾਂ ਅਤੇ ਵਿਸ਼ੇਸ਼ ਕਰਕੇ ਮੰਚ ਵੱਲੋਂ ਸ਼ੁਰੂ ਕੀਤੇ ਪੁਸਤਕ–ਪ੍ਰਕਾਸ਼ਨ ਦੇ ਕਾਰਜ ਬਾਰੇ ਜਾਣਕਾਰੀ ਸਾਂਝੀ ਕੀਤੀ। ਕ੍ਰਿਸ਼ਨ ਭਨੋਟ ਦੇ ਗ਼ਜ਼ਲ ਸੰਗ੍ਰਿਹ 'ਗਹਿਰੇ ਪਾਣੀਆਂ ਵਿਚ' ਉੱਪਰ ਪਹਿਲਾ ਪਰਚਾ ਡਾ. ਕਮਲਜੀਤ ਕੌਰ ਨੇ ਪੜ੍ਹਿਆ ਜਿਸ ਰਾਹੀਂ ਉਨ੍ਹਾਂ ਬੜੇ ਦਿਲਚਸਪ ਲਹਿਜ਼ੇ ਵਿਚ ਪੁਸਤਕ ਵਿਚਲੇ ਚੋਣਵੇਂ ਸ਼ਿਅਰ ਪੇਸ਼ ਕਰਦਿਆਂ ਇਸ ਨੂੰ ਪੰਜਾਬੀ ਗ਼ਜ਼ਲ ਵਿਚ ਨਿੱਗਰ ਵਾਧਾ ਦੱਸਿਆ। ਇਸ ਪੁਸਤਕ ਉੱਪਰ ਦੂਜਾ ਪਰਚਾ ਪੇਸ਼ ਕਰਦਿਆਂ ਸ਼ਾਇਰ ਹਰਦਮ ਮਾਨ ਨੇ ਕਿਹਾ ਕਿ ਕ੍ਰਿਸ਼ਨ ਭਨੋਟ ਦੀ ਸ਼ਾਇਰੀ ਬੇਹੱਦ ਸਰਲ, ਸਾਦਾ, ਸਪੱਸ਼ਟ, ਸਹਿਜ, ਸੁਭਾਵਿਕ, ਅਤੇ ਸੁਹਜ ਨਾਲ ਲਬਰੇਜ਼ ਸ਼ਬਦਾਂ ਦਾ ਗੁਲਦਸਤਾ ਹੈ। ਇਹ ਸ਼ਾਇਰੀ ਉਸ ਲਈ ਰੂਹ ਦੀ ਖ਼ੁਰਾਕ ਹੈ ਸ਼ਾਇਰੀ ਜੋ ਉਦਾਸੀਆਂ ਦੇ ਮੰਝਧਾਰ 'ਚੋਂ ਪਾਰ ਲੰਘਾਉਣ ਦਾ ਜ਼ਰੀਆ ਹੈ। ਇਹ ਸ਼ਾਇਰੀ ਹੀ ਖ਼ੁਸ਼ੀਆਂ ਦੇ ਰਾਹਾਂ 'ਚੋਂ ਗ਼ਮਾਂ ਦੇ ਪਹਾੜਾਂ ਹਟਾਉਂਦੀ ਹੈ ਅਤੇ ਸੀਨੇ ਵਿਚ ਜ਼ਿੰਦਗੀ ਜਿਉਣ ਦੀ ਰੀਝ ਨੂੰ ਪਰਪੱਕ ਕਰਦੀ ਹੈ। ਸ਼ਾਇਰ ਧਰਮ ਮਖੌਟਾਧਾਰੀਆਂ ਵੱਲੋਂ ਦੂਈ ਦਵੈਤ, ਨਫ਼ਰਤ, ਲਾਲਚ ਦੇ ਗੁੰਮਰਾਹਕੁਨ ਪ੍ਰਚਾਰ ਰਾਹੀਂ ਮਨੁੱਖਤਾ ਨੂੰ ਵਰਗਲਾਉਣ ਵਾਲੇ ਪਖੰਡੀਆਂ ਨੂੰ ਸਮਾਜ ਦੇ ਵੱਡੇ ਦੁਸ਼ਮਣ ਮੰਨਦਾ ਹੈ। ਕ੍ਰਿਸ਼ਨ ਭਨੋਟ ਨੇ ਇਸ ਸੰਗ੍ਰਿਹ ਵਿਚ ਬਹੁਤ ਹੀ ਖ਼ੂਬਸੂਰਤ ਅਲੰਕਾਰਾਂ, ਬਿੰਬਾਂ, ਤਸ਼ਬੀਹਾਂ, ਰੰਗਾਂ ਅਤੇ ਇਸ਼ਾਰਿਆਂ ਰਾਹੀਂ ਗ਼ਜ਼ਲ ਦੀ ਸੂਖਮਤਾ, ਨਜ਼ਾਕਤ, ਸਾਦਗੀ, ਸੋਖੀ, ਤਕਰਾਰ ਅਤੇ ਹੋਰ ਅਨੇਕਾਂ ਅਦਾਵਾਂ ਦਾ ਬਹੁਪੱਖੀ ਨਜ਼ਾਰਾ ਪੇਸ਼ ਕੀਤਾ ਹੈ। ਰਾਜਵੰਤ ਰਾਜ ਦੇ ਨਾਵਲ 'ਵਰੋਲੇ ਦੀ ਜੂਨ' ਉੱਪਰ ਮੁੱਖ ਪਰਚਾ ਡਾ. ਹਰਜੋਤ ਕੌਰ ਖਹਿਰਾ ਨੇ ਪੜ੍ਹਿਆ ਅਤੇ ਉਨ੍ਹਾਂ ਦੇ ਨਾਵਲ ਬਿਰਤਾਂਤ, ਪਾਤਰਾਂ ਦੀ ਮਨੋਦਿਸ਼ਾ ਅਤੇ ਕਹਾਣੀ ਦਾ ਬਾਖ਼ੂਬੀ ਵਿਸ਼ਲੇਸ਼ਣ ਕੀਤਾ। ਉਨ੍ਹਾਂ ਕਿਹਾ ਕਿ ਇਹ ਨਾਵਲ ਕੈਨੇਡਾ ਵਿਚ ਮੌਜੂਦਾ ਨਵੀਂ ਪੀੜ੍ਹੀ ਦੀ ਸਮਾਜਿਕ ਅਤੇ ਮਾਨਸਿਕ ਸਥਿਤੀ ਦਾ ਯਥਾਰਥ ਪੇਸ਼ ਕਰਦਾ ਹੈ। ਨਾਵਲ ਦੀ ਸ਼ੈਲੀ ਦਿਲਕਸ਼ ਹੈ ਅਤੇ ਪਾਤਰਾਂ ਦੀ ਬੋਲੀ ਬਹੁਤ ਸੁਭਾਵਿਕ ਹੈ। ਮਾਨਵੀ ਰਿਸ਼ਤਿਆਂ ਪ੍ਰਤੀ ਨਵੀਂ ਪੀੜ੍ਹੀ ਦੀ ਸੋਚ ਅਤੇ ਪਹੁੰਚ ਦਾ ਇਸ ਨਾਵਲ ਵਿਚ ਸਹੀ ਚਿਤਰਣ ਕੀਤਾ ਗਿਆ ਹੈ। ਨਾਵਲ ਉੱਪਰ ਦੂਜਾ ਪਰਚਾ ਹਰਚੰਦ ਸਿੰਘ ਬਾਗੜੀ ਨੇ ਪੇਸ਼ ਕਰਦਿਆਂ ਨਾਵਲ ਦੀ ਕਹਾਣੀ ਅਤੇ ਪਾਤਰਾਂ ਨਾਲ ਸੰਖੇਪ ਵਿਚ ਜਾਣ ਪਛਾਣ ਕਰਵਾਈ। ਪ੍ਰੀਤ ਮਨਪ੍ਰੀਤ ਨੇ ਕਿਹਾ ਕਿ ਰਾਜਵੰਤ ਰਾਜ ਜਿੱਥੇ ਪੰਜਾਬੀ ਗ਼ਜ਼ਲ ਦਾ ਸੰਜੀਦਾ ਸ਼ਾਇਰ ਹੈ ਉੱਥੇ ਹੀ ਉਸ ਨੇ ਆਪਣੇ ਪਹਿਲੇ ਨਾਵਲ ਨਾਲ ਹੀ ਨਾਵਲ ਖੇਤਰ ਵਿਚ ਚਰਚਾ ਛੇੜ ਦਿੱਤੀ ਹੈ ਅਤੇ ਉਸ ਦੇ ਦੂਜੇ ਨਾਵਲ 'ਵਰੋਲੇ ਦੀ ਜੂਨ' ਦਾ ਵੀ ਸਾਹਿਤਕ ਹਲਕਿਆਂ ਵਿਚ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਡਾ. ਪਿਰਥੀਪਾਲ ਸਿੰਘ ਸੋਹੀ ਨੇ ਦੋਹਾਂ ਲੇਖਕਾਂ ਨੂੰ ਮੁਬਾਰਕਬਾਦ ਦਿੰਦਿਆਂ ਰਾਜਵੰਤ ਰਾਜ ਦੇ ਨਾਵਲ ਨੂੰ ਪੰਜਾਬੀ ਨਾਵਲ ਖੇਤਰ ਅਤੇ ਵਿਸ਼ੇਸ਼ ਕਰਕੇ ਕੈਨੇਡੀਅਨ ਪੰਜਾਬੀ ਸਾਹਿਤ ਦੀ ਇਕ ਵਧੀਆ ਰਚਨਾ ਦੱਸਿਆ। ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ, ਇੰਦਰਜੀਤ ਕੌਰ ਸਿੱਧੂ, ਡਾ. ਸਾਧੂ ਸਿੰਘ, ਇੰਦਰਜੀਤ ਧਾਮੀ, ਭੁਪਿੰਦਰ ਮੱਲ੍ਹੀ, ਮੋਹਨ ਗਿੱਲ, ਜਰਨੈਲ ਸਿੰਘ ਆਰਟਿਸਟ, ਜਸਵੀਰ ਸਿੰਘ ਭਲੂਰੀਆ ਅਤੇ ਨਦੀਮ ਪਰਮਾਰ ਨੇ ਵੀ ਕ੍ਰਿਸ਼ਨ ਭਨੋਟ ਅਤੇ ਰਾਜਵੰਤ ਰਾਜ ਨੂੰ ਉਨ੍ਹਾਂ ਦੀਆਂ ਨਵੀਆਂ ਸਾਹਿਤਕ ਕਿਰਤਾਂ ਲਈ ਮੁਬਾਰਕਬਾਦ ਦਿੱਤੀ। ਅੰਤ ਵਿਚ ਕ੍ਰਿਸ਼ਨ ਭਨੋਟ ਅਤੇ ਰਾਜਵੰਤ ਰਾਜ ਨੇ ਸਮਾਗਮ ਵਿਚ ਹਾਜਰ ਹੋਏ ਵਿਦਵਾਨਾਂ, ਸਾਹਿਤਕਾਰਾਂ ਅਤੇ ਦੋਸਤਾਂ ਮਿੱਤਰਾਂ ਦਾ ਧੰਨਵਾਦ ਕੀਤਾ।












Wishing you a Very Happy Vaisakhi

SPECIAL VAISAKHI DEALS !!

# Fibre Internet and Telus Optik TV plus Netflix Offer

Gigabyte Internet + Core TV + any 4 Theme Packs + Netflix

Bonus ask us about our Bill Credit

$132/month

Internet only $84/month



WE ALSO HAVE SPECIAL PROMOTIONAL OFFERS FOR SMART HOME SECURITY

*Limited time offer. Terms and conditions apply. Please call for more information.

TELUS® authorized dealer

# Double data, more saving!!

BRING YOUR OWN PHONE. HURRY.... OFFER EXPIRES SOON!!

Unlimited Canada wide calling,
International Text & Picture Messaging,
Call Display, Call Waiting,
Voicemail, Conference Calling

20 GB $55* / month for 12 months

*No contract regular price $60 after 15 months. Limited time offer. Some conditions apply.

Koodo Choose Happy™



# Call us for Special Business and Corporate plans with Canada wide Unlimited calling and data

Plus We have Canada & US plans and data with long distance and roaming included. We make customised plans as per your needs to save $$$.

Certain restrictions and limited time offer.**

TELUS® authorized dealer

Open Connection AT NEWTON VILLAGE

Call **PRAB THIARA** for more information:

604-866-2458

#108-7380 King George Blvd., Surrey

## Bank Turndown? Could be just what you need!

# Quick Private Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started

**SANJEEV KATYAL**
**604.767.5194**
Info@katyalmortgage.ca

**WWW.KATYALMORTGAGE.CA**


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



## ਨਿਆਰੀ ਧਾਰਮਿਕ ਹੋਂਦ ਦਾ ਪ੍ਰਤੀਕ ਹੈ

# ਖ਼ਾਲਸਾ ਸਾਜਨਾ ਦਿਵਸ

ਵੈਸਾਖੀ ਦੀ ਮਹੱਤਤਾ ਨੂੰ ਦੇਖ ਕੇ ਹੀ ਸ਼ਾਇਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਖ਼ਾਲਸੇ ਦੀ ਸਿਰਜਣਾ, ਸਮਾਜਕ ਬਰਾਬਰੀ ਅਤੇ ਲੋਕਰਾਜ ਦੀ ਨੀਂਹ ਰੱਖਣ ਲਈ ਚੁਣਿਆ ਸੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿਖੇ ਇਸ ਮਹਾਨ ਕ੍ਰਾਂਤੀ ਦੇ ਆਰੰਭ ਦਾ ਸੰਨ 1699 ਦੀ ਵਿਸਾਖੀ ਵਾਲਾ ਦਿਨ ਇੱਕ ਅਦਭੁੱਤ ਨਜ਼ਾਰਾ ਪੇਸ਼ ਕਰਦਾ ਸੀ।ਹਜ਼ਾਰਾਂ ਦੀ ਗਿਣਤੀ ਵਿੱਚ ਬੈਠੀ ਸੰਗਤ ਦੇ ਸਾਹਮਣੇ ਗੁਰੂ ਸਾਹਿਬ ਨੇ ਹੱਥ ਵਿੱਚ ਨੰਗੀ ਤਲਵਾਰ ਫੜ ਕੇ ਇੱਕ ਸੀਸ ਦੀ ਮੰਗ ਕੀਤੀ ਸੀ। ਦੀਵਾਨ ਵਿੱਚ ਸਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਜ਼ਾਰਾਂ ਦੀ ਭੀੜ ਵਿੱਚੋਂ ਆਪਣਾ ਸੀਸ ਭੇਟ ਕਰਨ ਵਾਸਤੇ ਕੇਵਲ ਇੱਕ ਸਿੱਖ ਲਾਹੌਰ ਦੇ ਭਾਈ ਦਇਆ ਰਾਮ ਅੱਗੇ ਆਏ। ਦੂਜੀ ਵਾਰ ਹੱਥ ਵਿੱਚ ਲਹੂ ਭਿੱਜੀ ਤਲਵਾਰ ਫੜੀ ਗੁਰੂ ਸਾਹਿਬ ਨੇ ਇੱਕ ਹੋਰ ਸੀਸ ਦੀ ਮੰਗ ਕੀਤੀ ਤੇ ਹਸਤਨਾਪੁਰ ਦੇ ਭਾਈ ਧਰਮ ਦਾਸ ਅੱਗੇ ਆਏ। ਇੰਜ ਤਿੰਨ ਹੋਰ ਸਿੱਖਾਂ ਜਗਨਨਾਥ ਪੁਰੀ ਦੇ ਭਾਈ ਹਿੰਮਤ ਰਾਏ, ਦਵਾਰਕਾ ਦੇ ਭਾਈ ਮੋਹਕਮ ਸਿੰਘ ਅਤੇ ਬਿਦਰ ਦੇ ਭਾਈ ਸਾਹਿਬ ਚੰਦ ਨੇ ਆਪਣੇ-ਆਪ ਨੂੰ ਗੁਰੂ ਅੱਗੇ ਸੌਂਪ ਦਿੱਤਾ। ਇੰਜ ਦੇਸ਼ ਦੀਆਂ ਸਾਰੀਆਂ ਦਿਸ਼ਾਵਾਂ ਤੇ ਸਾਰੇ ਵਰਣਾਂ ਦੇ ਪ੍ਰਤੀਕ ਇਹ ਪੰਜ ਪਿਆਰੇ ਬਣੇ। ਗੁਰੂ ਜੀ ਨੇ ਆਪਣੀ ਤਲਵਾਰ ਦੇ ਪੰਜ ਝਟਕਿਆਂ ਨਾਲ ਸੰਸਾਰ ਵਿੱਚੋਂ ਉਚ-ਨੀਚ, ਜਾਤ-ਪਾਤ, ਬੇਇਨਸਾਫ਼ੀ, ਮਨੁੱਖੀ ਵਿਤਕਰੇ ਤੇ ਜਬਰ-ਜ਼ੁਲਮ ਦਾ ਖ਼ਾਤਮਾ ਕਰ ਦਿੱਤਾ। ਸੰਸਾਰ ਵਿੱਚ ਹਰ ਪ੍ਰਕਾਰ ਦੇ ਵਿਤਕਰਿਆਂ ਨੂੰ ਦੂਰ ਕਰਕੇ ਸਾਰੇ ਪ੍ਰਾਣੀਆਂ ਨੂੰ ਇੱਕ ਸਾਂਝਾ ਨਾਮ ਤੇ ਵਰਦੀ ਬਖਸ਼ਿਸ਼ ਕੀਤੀ। ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਪੰਜ ਪਿਆਰਿਆਂ ਦਾ ਨਾਮ ਦਿੱਤਾ। ਸਾਰੇ ਫ਼ੈਸਲੇ ਅਤੇ ਰਾਜ ਪ੍ਰਬੰਧ ਚਲਾਉਣ ਲਈ ਸੱਚੇ ਤੇ ਸੁੱਚੇ ਪਿਆਰਿਆਂ ਦੀ ਚੋਣ ਦੀ ਪਿਰਤ ਪਾ ਕੇ ਸੰਸਾਰ ਵਿੱਚ ਲੋਕਰਾਜ ਦੀ ਨੀਂਹ ਰੱਖੀ। ਗੁਰੂ ਜੀ ਨੇ ਲੋਕਾਂ ਵਿੱਚ ਪਈਆਂ ਸੰਸਾਰਕ ਵੰਡੀਆਂ ਨੂੰ ਹੀ ਦੂਰ ਨਹੀਂ ਕੀਤਾ ਸਗੋਂ ਗੁਰੂ ਤੇ ਚੇਲੇ ਵਿਚਲੇ ਭੇਦਭਾਵ ਅਤੇ ਰਾਜਾ ਤੇ ਪਰਜਾ ਵਿਚਲੇ ਫ਼ਰਕ ਨੂੰ ਵੀ ਮਿਟਾ ਦਿੱਤਾ। ਗੁਰੂ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ। ਇੰਜ ਸਾਰੇ ਹੀ ਗੁਰੂ ਭਾਈ ਹੋ ਗਏ। ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਅੱਗੇ ਹੱਥ ਜੋੜ ਕੇ ਅੰਮ੍ਰਿਤ ਦੀ ਦਾਤ ਮੰਗੀ। ਇੰਜ ਸੰਸਾਰ ਵਿੱਚ ਪਹਿਲੀ ਵਾਰ ਗੁਰੂ-ਚੇਲਾ ਤੇ ਚੇਲੇ-ਗੁਰੂ ਬਣੇ। ਗੁਰੂ-ਚੇਲੇ ਨੂੰ ਇੱਕਮਿਕ ਕਰਨਾ ਇੱਕ ਮਹਾਨ ਕ੍ਰਾਂਤੀ ਸੀ।

ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਸਿੰਘਾਂ ਨੂੰ ਕੇਵਲ ਬਰਾਬਰੀ ਅਤੇ ਸਰਦਾਰੀ ਹੀ ਬਖਸ਼ਿਸ਼ ਨਹੀਂ ਕੀਤੀ ਸਗੋਂ ਉਨ੍ਹਾਂ ਵਿੱਚ ਆਪਣੇ ਸਾਰੇ ਗੁਣ ਵੀ ਭਰ ਦਿੱਤੇ। ਗੁਰੂ ਦਾ ਖ਼ਾਲਸਾ ਆਪਣੇ ਮੂਲ ਨਾਲ ਜੁੜ ਗਿਆ ਤੇ ਰੱਬੀ ਰੂਪ ਬਣ ਗਿਆ। ਉਸ ਦੇ ਮਨ ਵਿੱਚੋਂ ਡਰ, ਹੰਕਾਰ, ਨਫ਼ਰਤ, ਵੈਰ ਆਦਿ ਸਭ ਖ਼ਤਮ ਹੋ ਗਏ। ਇਸੇ ਕਰਕੇ ਗੁਰੂ ਦੇ ਸਿੰਘਾਂ ਨੇ ਮੌਤ ਨੂੰ ਹੱਸ ਕੇ ਕਬੂਲਿਆ। ਜਿੰਨੀਆਂ ਕੁਰਬਾਨੀਆਂ ਗੁਰੂ ਦੇ ਸਿੰਘਾਂ ਨੇ ਦਿੱਤੀਆਂ ਹਨ ਉੱਨੀਆਂ ਸੰਸਾਰ ਵਿੱਚ ਹੋਰ ਕਿਸੇ ਵੀ ਅਵਤਾਰ ਦੇ ਪੈਰੋਕਾਰਾਂ ਨੇ ਨਹੀਂ ਦਿੱਤੀਆਂ। ਸੰਸਾਰ ਦੇ ਸਾਰੇ ਧਰਮਾਂ ਨੂੰ ਲੋਕਾਂ ਨੇ ਜਨਮ, ਡਰ ਜਾਂ ਲਾਲਚ ਕਰਕੇ ਕਬੂਲਿਆ। ਕੇਵਲ ਦਸਮੇਸ਼ ਪਿਤਾ ਦੇ ਸਿੰਘਾਂ ਨੇ ਆਪਣੇ-ਆਪ ਨੂੰ ਕੁਰਬਾਨ ਕਰਨ ਲਈ ਸਿੱਖੀ ਸਰੂਪ ਅਪਨਾਇਆ। ਉਨ੍ਹਾਂ ਅਜਿਹੇ ਰਾਜ ਪ੍ਰਬੰਧ ਦਾ ਢਾਂਚਾ ਉਲੀਕਿਆ ਜੋ ਸਚਮੁੱਚ ਲੋਕਰਾਜ ਹੈ ਅਤੇ ਜੋ ਸੱਚ ਅਤੇ ਇਨਸਾਫ਼ ਉੱਤੇ ਟਿਕਿਆ ਹੋਇਆ ਹੈ। ਇਹ ਰਾਜ ਪ੍ਰਬੰਧ ਲੋਕਾਂ ਵੱਲੋਂ ਚੁਣੇ ਸੱਚੇ ਤੇ ਸੁੱਚੇ ਧਰਮੀ ਵਿਅਕਤੀਆਂ ਰਾਹੀਂ ਚਲਾਏ ਜਾਣ ਦੀ ਪਿਰਤ ਪਾਈ ਗਈ।ਗੁਰੂ ਜੀ ਨੇ ਕੇਵਲ ਲੋਕਰਾਜ ਦੇ ਰੂਪ ਵਿੱਚ ਰਾਜਨੀਤਕ ਕ੍ਰਾਂਤੀ ਦੀ ਨੀਂਹ ਨਹੀਂ ਰੱਖੀ ਸਗੋਂ ਸਮਾਜਕ ਅਤੇ ਸੱਭਿਆਚਾਰਕ ਕ੍ਰਾਂਤੀ ਵੀ ਲਿਆਂਦੀ। ਗੁਰੂ ਜੀ ਨੇ ਲੋਕਾਈ ਨੂੰ ਵਹਿਮਾਂ, ਭਰਮਾਂ, ਕਰਮਕਾਂਡਾਂ ਅਤੇ ਫ਼ਜ਼ੂਲ ਦੀਆਂ ਧਾਰਮਿਕ ਰਹੁ-ਰੀਤਾਂ ਵਿੱਚੋਂ ਕੱਢ ਇੱਕ ਪ੍ਰਮਾਤਮਾ ਨਾਲ ਜੁੜਨ ਦਾ ਹੁਕਮ ਕੀਤਾ। ਉਨ੍ਹਾਂ ਦਾ ਉਪਦੇਸ਼ ਸੀ ਕਿ ਸੱਚੇ ਮਾਰਗ 'ਤੇ ਚੱਲਣ, ਸੱਚੀ ਕਿਰਤ ਕਰਨ ਅਤੇ ਦੀਨ-ਦੁਖੀਆਂ ਦੀ ਸੇਵਾ ਕਰਨ ਨਾਲ ਹੀ ਰੱਬੀ ਰਹਿਮਤ ਦੀ ਪ੍ਰਾਪਤੀ ਹੋ ਸਕਦੀ ਹੈ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਲੋੜੀਂਦਾ ਮਨੁੱਖੀ ਵਿਕਾਸ ਕੀਤਾ ਜਾਵੇ। ਮਨੁੱਖੀ ਵਿਕਾਸ ਦਾ ਆਧਾਰ ਗਿਆਨ ਹੈ। ਗੁਰੂ ਜੀ ਨੇ ਗਿਆਨ ਦੇ ਦਰਵਾਜ਼ੇ ਆਮ ਲੋਕਾਂ ਲਈ ਖੋਲ੍ਹੇ। ਸਾਰੇ ਪੁਰਾਣੇ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਲੋਕ ਭਾਸ਼ਾ ਵਿੱਚ ਕਰਵਾਏ ਅਤੇ ਇਨ੍ਹਾਂ ਦੇ ਸਹੀ ਅਰਥਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਧਾਰਮਿਕ ਰਹੁ-ਰੀਤਾਂ ਨੂੰ ਪੰਡਤਾਂ ਦੀ ਮਾਲਕੀ ਵਿੱਚੋਂ ਕੱਢ ਆਮ ਲੋਕਾਂ ਦੇ ਹਵਾਲੇ ਕੀਤਾ। ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ ਗੁਰੂ ਜੀ ਨੇ ਗਿਆਨ ਦੀ ਮਹਿਮਾ ਨੂੰ ਹਮੇਸ਼ਾ ਲਈ ਪ੍ਰਪੱਕ ਕਰ ਦਿੱਤਾ। ਮਨੁੱਖੀ ਵਿਕਾਸ ਲਈ ਮਨ ਅਤੇ ਤਨ ਦੀ ਤੰਦਰੁਸਤੀ ਅਤੇ ਮਜ਼ਬੂਤੀ ਜ਼ਰੂਰੀ ਹੁੰਦੀ ਹੈ। ਆਪਣੇ ਮਨ ਨੂੰ ਜਿੱਤਿਆਂ ਹੀ ਤਨ ਉੱਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਸੰਸਾਰ ਨੂੰ ਜਿੱਤਿਆ ਜਾ ਸਕਦਾ ਹੈ। ਗੁਰੂ ਜੀ ਦੇ ਸਿੰਘਾਂ ਨੇ ਆਪਣੇ ਮਨ ਅਤੇ ਤਨ ਨੂੰ ਕਾਬੂ ਕਰਕੇ ਸੁੱਚੇ ਕਿਰਦਾਰ ਦੀ ਅਜਿਹੀ ਮਿਸਾਲ ਕਾਇਮ ਕੀਤੀ ਜਿਸ ਦੀ ਸਿਫ਼ਤ ਦੁਸ਼ਮਣਾਂ ਨੇ ਵੀ ਕੀਤੀ। ਮਨ ਦੀ ਤੰਦਰੁਸਤੀ ਲਈ ਨਾਮ ਜਪਣ ਤੇ ਸੇਵਾ ਉੱਤੇ ਜ਼ੋਰ ਦਿੱਤਾ ਗਿਆ। ਇਸ ਦੇ ਨਾਲ ਹੀ ਤਨ ਦੀ ਤੰਦਰੁਸਤੀ ਲਈ ਜਿੱਥੇ ਕਸਰਤ ਉੱਤੇ ਜ਼ੋਰ ਦਿੱਤਾ ਗਿਆ, ਉੱਥੇ ਨਸ਼ਿਆਂ ਨੂੰ ਤਿਆਗਣ ਦਾ ਵੀ ਹੁਕਮ ਕੀਤਾ ਗਿਆ। ਅੱਜ ਸਾਰੇ ਸੰਸਾਰ ਵਿੱਚ ਤੰਬਾਕੂ ਵਿਰੁੱਧ ਮੁਹਿੰਮ ਸ਼ੁਰੂ ਹੋਈ ਹੈ ਪਰ ਗੁਰੂ ਜੀ ਨੇ ਤਿੰਨ ਸਦੀਆਂ ਪਹਿਲਾਂ ਹੀ ਆਪਣੇ ਸਿੱਖਾਂ ਨੂੰ ਇਸ ਦੀ ਸਖ਼ਤ ਮਨਾਹੀ ਕੀਤੀ। ਅੱਜ ਏਡਜ਼ ਦੇ ਡਰੋਂ ਜਿੱਥੇ ਇੱਕ ਨਾਰੀ ਦਾ ਪ੍ਰਚਾਰ ਹੋ ਰਿਹਾ ਹੈ, ਉੱਥੇ ਗੁਰੂ ਜੀ ਨੇ ਉਦੋਂ ਹੀ ਆਪਣੀ ਪਤਨੀ ਪ੍ਰਤੀ ਪੂਰੀ ਵਫ਼ਾਦਾਰੀ ਦਾ ਹੁਕਮ ਕੀਤਾ ਸੀ। ਗੁਰੂ ਦੇ ਸਿੰਘਾਂ ਦਾ ਆਚਰਣ ਅਤੇ ਬਹਾਦਰੀ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੋਈ। ਕੁੜੀ ਮਾਰਨ ਵਰਗੀ ਭੈੜੀ ਕੁਰਹਿਤ ਨੂੰ ਗੁਰੂ ਜੀ ਨੇ ਜੜ੍ਹੋਂ ਹੀ ਪੁੱਟ ਦਿੱਤਾ ਸੀ। ਉਨ੍ਹਾਂ ਕੇਵਲ ਆਪਣੇ ਸਿੱਖਾਂ ਨੂੰ ਹੀ ਇਸ ਕੁਰਹਿਤ ਤੋਂ ਵਰਜਿਆ ਸਗੋਂ ਇਹ ਕੁਕਰਮ ਕਰਨ ਵਾਲਿਆਂ ਨਾਲ ਕਿਸੇ ਕਿਸਮ ਦੇ ਸਬੰਧ ਰੱਖਣ ਤੋਂ ਵੀ ਵਰਜਿਆ ਸੀ। ਗੁਰੂ ਜੀ ਵੱਲੋਂ ਬਖਸ਼ਿਸ਼ ਕੀਤੀ ਵਰਦੀ ਅਤੇ ਪੰਜ ਕਕਾਰਾਂ ਤੋਂ ਕੇਵਲ ਇਸ ਦੇ ਧਾਰਨੀਆਂ ਨੂੰ ਹੀ ਜਾਣੂ ਨਾ ਕਰਵਾਈਏ ਸਗੋਂ ਨਵੀਂ ਪੀੜ੍ਹੀ ਨੂੰ ਇਨ੍ਹਾਂ ਦੇ ਅਰਥ ਸਮਝਾਈਏ।



SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਗੁਰੂ ਜੀ ਵੱਲੋਂ ਖ਼ਾਲਸੇ ਦੇ ਰੂਪ ਵਿੱਚ ਸੰਤ ਸਿਪਾਹੀ ਦੀ ਜਿਹੜੀ ਸਿਰਜਣਾ ਕੀਤੀ ਗਈ ਹੈ, ਉਸ ਦੀ ਮਿਸਾਲ ਸੰਸਾਰ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਅਸਲ ਵਿੱਚ ਇਹ ਕਾਦਰ ਦਾ ਹੀ ਰੂਪ ਹੈ। ਖ਼ਾਲਸਾ ਰੋਜ਼ਾਨਾ ਜੀਵਨ ਵਿੱਚ ਸੰਤ ਹੈ ਜਿੱਥੇ ਉਹ ਸੁਕਿਰਤ ਕਰਦਾ ਤੇ ਨਾਮ ਜਪਦਾ ਹੈ। ਆਪਣੀ ਕਿਰਤ ਕਮਾਈ ਨੂੰ ਵੰਡ ਕੇ ਛਕਦਾ ਹੈ। ਜਦੋਂ ਮਨੁੱਖ ਅੰਦਰ ਇਹ ਭਾਵਨਾ ਹੋਵੇਗੀ ਤਾਂ ਉਹ ਕਦੇ ਵੀ ਪਰਾਇਆ ਹੱਕ ਨਹੀਂ ਮਾਰੇਗਾ। ਕਿਸੇ ਨਾਲ ਵੀ ਈਰਖਾ ਨਹੀਂ ਕਰੇਗਾ। ਹਮੇਸ਼ਾ ਹਉਮੈ ਤੋਂ ਦੂਰ ਰਹਿੰਦਿਆਂ ਕਾਦਰ ਦੀ ਰਜ਼ਾ ਵਿੱਚ ਸਬਰ-ਸੰਤੋਖ ਦਾ ਜੀਵਨ ਜੀਵੇਗਾ। ਖ਼ਾਲਸਾ ਉਦੋਂ ਸਿਪਾਹੀ ਬਣਦਾ ਹੈ ਜਦੋਂ ਕਿਸੇ ਗ਼ਰੀਬ, ਨਿਤਾਣੇ ਦਾ ਹੱਕ ਖੋਹਿਆ ਜਾ ਰਿਹਾ ਹੋਵੇ। ਆਪਣੇ ਹੱਕਾਂ ਦੀ ਰਾਖੀ ਤਾਂ ਸਾਰੇ ਕਰਦੇ ਹਨ ਪਰ ਦੂਜਿਆਂ ਦੇ ਹੱਕਾਂ ਦੀ ਰਾਖੀ ਲਈ ਕੇਵਲ ਖ਼ਾਲਸਾ ਹੀ ਜੂਝਦਾ ਹੈ। ਗੁਰੂ ਜੀ ਨੇ ਖ਼ਾਲਸੇ ਲਈ ਤਲਵਾਰ ਜ਼ਰੂਰੀ ਕਰਾਰ ਬਣਾ ਦਿੱਤਾ ਪਰ ਇਸ ਦਾ ਨਾਮ ਕ੍ਰਿਪਾਨ ਰੱਖਿਆ ਤਾਂ ਜੋ ਇਸ ਤਲਵਾਰ ਦੀ ਵਰਤੋਂ ਕੇਵਲ ਗ਼ਰੀਬ, ਨਿਤਾਣੇ ਤੇ ਨਿਮਾਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਹੀ ਕੀਤੀ ਜਾਵੇ। ਇਹ ਕੇਵਲ ਜ਼ੁਲਮ ਦਾ ਟਾਕਰਾ ਤੇ ਦੁਸ਼ਮਣਾਂ ਨੂੰ ਸਬਕ ਸਿਖਾਉਣ ਲਈ ਹੀ ਵਰਤੀ ਜਾਵੇ।

ਜੇਕਰ ਸਾਰੇ ਸੰਸਾਰ ਦੇ ਲੋਕ ਗੁਰੂ ਜੀ ਵੱਲੋਂ ਸਾਜੇ ਖ਼ਾਲਸੇ ਵਾਂਗ ਸੰਤ ਸਿਪਾਹੀ ਬਣ ਜਾਣ ਤਾਂ ਇਹ ਸੰਸਾਰ ਸੱਚਮੁਚ ਸਵਰਗ ਦਾ ਰੂਪ ਧਾਰ ਲਵੇਗਾ। ਇੱਥੇ ਊਚ-ਨੀਚ ਨਹੀਂ ਹੋਵੇਗੀ, ਸਾਰੇ ਹੀ ਖ਼ੁਸ਼ਹਾਲ ਹੋਣਗੇ ਤੇ ਆਪਸ ਵਿੱਚ ਪ੍ਰੇਮ ਨਾਲ ਰਹਿਣਗੇ। ਇਸ ਮਹਾਨ ਫਲਸਫੇ ਨੂੰ ਸਾਰੇ ਸੰਸਾਰ ਵਿੱਚ ਪ੍ਰਚਾਰਨ ਦੀ ਲੋੜ ਹੈ। ਸਭ ਤੋਂ ਪਹਿਲੀ ਜ਼ਿੰਮੇਵਾਰੀ ਗੁਰੂ ਦੇ ਸਿੱਖਾਂ ਉੱਤੇ ਆਉਂਦੀ ਹੈ, ਜਿਨ੍ਹਾਂ ਨੇ ਗੁਰੂ ਦਾ ਬਾਣਾ ਧਾਰਨ ਕੀਤਾ ਹੈ ਅਤੇ ਗੁਰੂ ਵਾਲੇ ਬਣੇ ਹਨ, ਉਨ੍ਹਾਂ ਲਈ ਸੰਤ-ਸਿਪਾਹੀ ਬਣਨਾ ਵੀ ਬਹੁਤ ਜ਼ਰੂਰੀ ਹੈ। ਸਕੂਲ ਵਿੱਚ ਪੜ੍ਹਨ ਲਈ ਵਰਦੀ ਤਾਂ ਪਾਈ ਹੀ ਜਾਂਦੀ ਹੈ ਪਰ ਗਿਆਨ ਗ੍ਰਹਿਣ ਕਰਨ ਲਈ ਪੜ੍ਹਾਈ ਵੀ ਜ਼ਰੂਰੀ ਹੈ। ਇਸੇ ਤਰ੍ਹਾਂ ਗੁਰੂ ਦੇ ਸਿੱਖਾਂ ਦਾ ਜੀਵਨ ਉੱਚਾ ਤੇ ਸੁੱਚਾ ਹੋਣਾ ਚਾਹੀਦਾ ਹੈ। ਜਦੋਂ ਉਹ ਆਪ ਇੱਕ ਨਮੂਨੇ ਦਾ ਜੀਵਨ ਜੀਊਣਗੇ ਤਾਂ ਗੁਰੂ ਦੇ ਫਲਸਫੇ ਦਾ ਪ੍ਰਚਾਰ ਆਪਣੇ-ਆਪ ਹੋ ਜਾਵੇਗਾ। ਕੋਈ ਸਮਾਂ ਸੀ ਜਦੋਂ ਸਿੱਖਾਂ ਦੇ ਬਚਨਾਂ ਉੱਤੇ ਕਚਹਿਰੀਆਂ ਵਿੱਚ ਵੀ ਵਿਸ਼ਵਾਸ ਕੀਤਾ ਜਾਂਦਾ ਸੀ। ਨਿਤਾਣੇ ਤੇ ਨਿਮਾਣੇ ਸਹਾਇਤਾ ਲਈ ਸਿੱਖਾਂ ਦੀ ਸ਼ਰਨ ਆਉਂਦੇ ਸਨ ਪਰ ਅਫ਼ਸੋਸ ਹੈ ਕਿ ਗੁਰੂ ਦੇ ਸਿੱਖ ਆਪਣੇ ਗੁਰੂ ਦੇ ਉਪਦੇਸ਼ਾਂ ਨੂੰ ਭੁੱਲ ਰਹੇ ਹਨ। ਸੰਸਾਰ ਦੇ ਸਭ ਤੋਂ ਵਧੀਆ ਸਮਝੇ ਜਾਂਦੇ ਕਿਸਾਨ ਤੇ ਜਵਾਨ ਹੁਣ ਨਸ਼ਿਆਂ ਵਿੱਚ ਡੁੱਬ ਰਹੇ ਹਨ। ਕੁੱਖ ਵਿੱਚ ਕੁੜੀਆਂ ਮਾਰਨ ਤੋਂ ਵੀ ਸਿੱਖ ਪਿੱਛੇ ਨਹੀਂ ਹਨ। ਮਿੱਠਾ ਬੋਲਣਾ ਅਸੀਂ ਭੁੱਲ ਰਹੇ ਹਾਂ ਤੇ ਹਉਮੈ ਸਾਡੇ ਉੱਤੇ ਹਾਵੀ ਹੋ ਰਹੀ ਹੈ। ਪੈਸਾ ਅਤੇ ਤਾਕਤ ਲਈ ਸਾਡੇ ਬਹੁਤੇ ਆਗੂ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਗੁਰੂ ਦੀ ਗੋਲਕ ਉੱਤੇ ਕਬਜ਼ੇ ਲਈ ਲੜਾਈਆਂ ਹੁੰਦੀਆਂ ਹਨ। ਸਿੱਖਾਂ ਨੂੰ ਤਾਂ ਗੁਰੂ ਸਾਹਿਬ ਨੇ ਨਿਆਰਾ ਰੂਪ ਬਖਸ਼ਿਆ ਸੀ ਜਿਹੜਾ ਲੱਖਾਂ ਵਿੱਚੋਂ ਵੀ ਪਹਿਚਾਣਿਆ ਜਾ ਸਕਦਾ ਹੈ। ਫਿਰ ਅਸੀਂ ਆਪਣੀ ਪਹਿਚਾਣ ਕਿਉਂ ਭੁੱਲ ਰਹੇ ਹਾਂ।ਆਓ, ਅਸੀਂ ਇਸ ਵਿਸਾਖੀ ਨੂੰ ਵੱਖਰੇ ਢੰਗ ਨਾਲ ਮਨਾਈਏ। ਗੁਰੂ ਦੇ ਉਪਦੇਸ਼ ਨੂੰ ਸੁਣੀਏ, ਵਿਚਾਰੀਏ ਤੇ ਆਪਣੇ ਮਨ ਵਿੱਚ ਵਸਾਈਏ। ਇਸ ਦਿਨ ਪਿਛਲੀਆਂ ਭੁੱਲਾਂ ਬਖਸ਼ਾ ਕੇ ਭਵਿੱਖ ਵਿੱਚ ਸਹੀ ਅਰਥਾਂ ਵਿੱਚ ਗੁਰੂ ਜੀ ਦਾ ਖ਼ਾਲਸਾ ਬਣਨ ਦਾ ਯਤਨ ਕਰੀਏ।



## ਖ਼ੁਸ਼ਹਾਲੀ ਦੀ ਪ੍ਰਤੀਕ ਹੈ ਵਿਸਾਖੀ

ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਸਿੱਖਾਂ ਨੂੰ ਕੇਵਲ ਬਰਾਬਰੀ ਅਤੇ ਸਰਦਾਰੀ ਹੀ ਬਖਸ਼ਿਸ਼ ਨਹੀਂ ਕੀਤੀ ਸਗੋਂ ਉਨ੍ਹਾਂ ਵਿੱਚ ਆਪਣੇ ਸਾਰੇ ਗੁਣ ਵੀ ਭਰ ਦਿੱਤੇ। ਗੁਰੂ ਦਾ ਖ਼ਾਲਸਾ ਆਪਣੇ ਮੂਲ ਨਾਲ ਜੁੜ ਗਿਆ ਤੇ ਰੱਬੀ ਰੂਪ ਬਣ ਗਿਆ। ਉਸ ਦੇ ਮਨ ਵਿੱਚੋਂ ਡਰ, ਹੰਕਾਰ, ਨਫ਼ਰਤ, ਵੈਰ ਆਦਿ ਸਭ ਖ਼ਤਮ ਹੋ ਗਏ। ਇਸੇ ਕਰਕੇ ਗੁਰੂ ਦੇ ਸਿੱਖਾਂ ਨੇ ਮੌਤ ਨੂੰ ਹੱਸ ਕੇ ਕਬੂਲਿਆ। ਜਿੰਨੀਆਂ ਕੁਰਬਾਨੀਆਂ ਗੁਰੂ ਦੇ ਸਿੱਖਾਂ ਨੇ ਦਿੱਤੀਆਂ ਹਨ ਉੱਨੀਆਂ ਸੰਸਾਰ ਵਿੱਚ ਹੋਰ ਕਿਸੇ ਵੀ ਅਵਤਾਰ ਦੇ ਪੈਰੋਕਾਰਾਂ ਨੇ ਨਹੀਂ ਦਿੱਤੀਆਂ।

ਵਿਸਾਖੀ ਉੱਤਰ ਭਾਰਤ ਦਾ ਸਭ ਤੋਂ ਮਹੱਤਵਪੂਰਨ ਤਿਉਹਾਰ ਮੰਨਿਆ ਜਾਂਦਾ ਹੈ। ਇਹ ਖ਼ੁਸ਼ਹਾਲੀ ਦਾ ਪ੍ਰਤੀਕ ਹੈ। ਪੰਜਾਬ ਦੀ ਮੁੱਖ ਫ਼ਸਲ ਹਾੜ੍ਹੀ ਦੇ ਖੇਤਾਂ ਵਿੱਚ ਬਿਖਰੇ ਸੋਨੇ ਨੂੰ ਵੇਖ ਪੰਜਾਬੀ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਪਿੱਛੋਂ ਇਸ ਦੀ ਵਾਢੀ ਸ਼ੁਰੂ ਕਰਦੇ ਹਨ। ਹਾੜ੍ਹੀ ਦੀ ਫ਼ਸਲ ਜਵਾਨ ਹੋਈ ਦੇਖ ਕੇ ਜੱਟ ਦਾ ਚਾਅ ਨਹੀਂ ਚੁੱਕਿਆ ਜਾਂਦਾ। ਸੋਨੇ ਰੰਗੀਆਂ ਕਣਕਾਂ ਕਿਸਾਨਾਂ ਨੂੰ ਖ਼ੁਸ਼ੀਆਂ-ਖੇੜਿਆਂ ਨਾਲ ਓਤਪੋਤ ਕਰ ਦਿੰਦੀਆਂ ਹਨ। ਫ਼ਸਲ ਦੀ ਭਰ ਜੋਬਨ ਰੁੱਤੇ ਜੇ ਬੱਦਲਾਂ ਦੀ ਗੜਗੜਾਹਟ ਸੁਣ ਜਾਵੇ ਤਾਂ ਕਿਸਾਨਾਂ ਦੀ ਜਾਨ ਮੁੱਠੀ 'ਚ ਆ ਜਾਂਦੀ ਹੈ। ਉਹ ਪਰਮਾਤਮਾ ਅੱਗੇ ਅਰਦਾਸਾਂ ਕਰਦੇ ਹਨ ਕਿ ਹੇ ਪਰਮਾਤਮਾ! ਦਸ ਕੁ ਦਿਨ ਮੰਗਵੇਂ ਹੀ ਦੇ ਦੇ। ਇੰਨੇ ਦਿਨਾਂ ਵਿੱਚ ਫ਼ਸਲ ਸਾਂਭ ਲਵਾਂਗੇ। ਬਜ਼ੁਰਗ ਕਹਿੰਦੇ ਸੁਣੇ ਜਾਂਦੇ ਸੀ ਕਿ 'ਲੱਗ ਗਈ ਮੇਖ, ਜੱਟਾ ਕੱਚੀ ਪੱਕੀ ਨਾ ਦੇਖ'। ਭਾਵ ਵਿਸਾਖੀ ਤੋਂ ਹਾੜ੍ਹੀ ਦੀ ਫ਼ਸਲ ਨੂੰ ਹਰ ਹਾਲਤ ਵਿੱਚ ਦਾਤੀ ਪੈ ਜਾਣੀ ਜ਼ਰੂਰੀ ਹੁੰਦੀ ਸੀ। ਓਧਰ ਜੱਟੀ ਵੀ ਆਪਣੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਉਸ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦੀ ਸੀ। ਉਹ ਕਹਿੰਦੀ ਸੀ:-

**ਹਾੜ੍ਹੀ ਵੱਢੂੰਗੀ ਬਰਾਬਰ ਤੇਰੇ,**
**ਦਾਤੀ ਨੂੰ ਲਵਾ ਦੇ ਘੁੰਗਰੂ।**

ਕੁਝ ਸਮਾਂ ਪਹਿਲਾਂ ਸੁਆਣੀਆਂ ਆਪਣੇ ਮਾਲਕਾਂ ਨਾਲ ਖੇਤੀ ਦੇ ਕੰਮ ਵਿੱਚ ਬਹੁਤ ਹੱਥ ਵਟਾਉਂਦੀਆਂ ਸਨ। ਕਿਸਾਨ ਸਵੇਰੇ ਸੁਵਖਤੇ ਹੀ ਖੇਤਾਂ ਵੱਲ ਚਾਲੇ ਪਾ ਦਿੰਦੇ ਸਨ। ਪਿੱਛੋਂ ਜੱਟੀ ਭੱਤਾ ਲੈ ਕੇ ਖੇਤ ਨੂੰ ਜਾਂਦੀ ਸੀ। ਰਾਹ ਵਿੱਚ ਕਈ ਜਣੀਆਂ ਇਕੱਠੀਆਂ ਹੋ ਜਾਂਦੀਆਂ ਅਤੇ ਗੱਲਾਂ-ਬਾਤਾਂ ਕਰਦੀਆਂ ਆਪਣੇ ਆਪਣੇ ਖੇਤ ਪਹੁੰਚ ਜਾਂਦੀਆਂ। ਜੱਟ ਵੀ ਹਾਜ਼ਰੀ ਰੋਟੀ (ਨਾਸ਼ਤਾ) ਦੇਖ ਕੇ ਖ਼ੁਸ਼ ਹੋ ਜਾਂਦਾ। ਜੱਟੀ ਅੱਗੋਂ ਨਖਰੇ ਨਾਲ ਕਹਿੰਦੀ:

**ਹਾਕਾਂ ਮਾਰਦੀ ਸਰ੍ਹੋਂ ਦੇ ਫੁੱਲ ਵਰਗੀ,**
**ਵੇ ਰੋਟੀ ਖਾ ਲੈ ਚੱਪਣਾ ਜਿਹਾ।'**

ਪਹਿਲਾਂ ਲੋਕਾਂ ਵਿੱਚ ਸਹਿਣਸ਼ੀਲਤਾ ਬਹੁਤ ਹੁੰਦੀ ਸੀ। ਅੱਗੋਂ ਉਹ ਵੀ ਮਜ਼ਾਕ ਜਿਹੇ ਵਿੱਚ ਆਖਦਾ:

**ਨੀਂ ਮੈਨੂੰ ਹੋਰ ਵੀ ਪਿਆਰੀ ਲੱਗਦੀ,**
**ਤੂੰ ਜਦੋਂ ਆਖੇ ਚੱਪਣਾ ਜਿਹਾ।**

ਜੱਟੀ ਬੜੇ ਚਾਅ ਨਾਲ ਆਪਣੇ ਪਤੀ ਲਈ ਭੱਤਾ ਲੈ ਕੇ ਜਾਂਦੀ ਸੀ। ਭੱਤੇ ਵਿੱਚ ਇੱਕ ਟੋਕਰੀ ਵਿੱਚ ਮਿੱਸੀਆਂ ਰੋਟੀਆਂ ਪੋਣੇ ਵਿੱਚ ਲਪੇਟ ਕੇ ਰੱਖੀਆ ਹੁੰਦੀਆਂ ਸਨ। ਇੱਕ ਤਪਲੇ ਵਿੱਚ ਲੱਸੀ, ਮੱਖਣ, ਚਟਣੀ, ਅਚਾਰ ਅਤੇ ਗੱਠੇ (ਪਿਆਜ਼) ਆਦਿ ਬੜੇ ਵਧੀਆ ਢੰਗ ਨਾਲ ਸਭ ਕੁਝ ਟੋਕਰੀ ਵਿੱਚ ਚਿਣਿਆ ਜਾਂਦਾ ਤਾਂ ਕਿ ਲੱਸੀ ਡੁੱਲ੍ਹ ਨਾ ਜਾਵੇ।ਇਹ ਕੰਮ ਵੀ ਇੱਕ ਕਲਾਕਾਰ ਸੁਆਣੀ ਦਾ ਹੁੰਦਾ ਸੀ। ਸਿਰ 'ਤੇ ਇੰਨੂ ਰੱਖ ਕੇ ਉੱਪਰ ਟੋਕਰੀ ਨੂੰ ਟਿਕਾਇਆ ਜਾਂਦਾ। ਫਿਰ ਠੁੰਮ-ਠੁੰਮ ਕਰਦੀ ਚੱਕਵੇਂ ਪੈਰ ਖੇਤ ਵੱਲ ਜਾਂਦੀ ਮਨ ਹੀ ਮਨ ਵਿੱਚ ਮਾਣ ਮਹਿਸੂਸ ਕਰਦੀ:

**ਜੱਟੀ ਪੱਚੀਆਂ ਮੁਰੱਬਿਆਂ ਵਾਲੀ,**
**ਭੱਤਾ ਲੈ ਕੇ ਖੇਤ ਨੂੰ ਚੱਲੀ।**

ਜੱਟ ਵੀ ਜੱਟੀ ਦਾ ਸ਼ੌਕ ਪੂਰਾ ਕਰਨ ਭਾਵ ਸੋਨੇ ਦੇ ਗਹਿਣੇ ਸੁੰਦਰ ਕੱਪੜੇ ਆਦਿ ਪੂਰੀਆਂ ਕਰਨ ਲਈ ਹਾੜ੍ਹੀ ਦੀ ਫ਼ਸਲ ਵੇਚ ਕੇ ਸਾਰੇ ਉਲਾਂਭੇ ਲਾਹੁਣ ਦੇ ਵਾਅਦੇ ਕਰਦਾ ਸਮੇਂ ਨੇ ਇਕਦਮ ਕਰਵਟ ਬਦਲੀ ਕਿ ਅੱਜ ਦਾ ਯੁੱਗ ਮਸ਼ੀਨੀ ਯੁੱਗ ਹੋ ਗਿਆ ਹੈ। ਕਈ ਦਿਨਾਂ ਦਾ ਕੰਮ ਘੰਟਿਆਂ ਵਿੱਚ ਹੀ ਹੋ ਜਾਂਦਾ ਹੈ। ਹੱਥੀਂ ਵਾਢੀ ਕਰਨ, ਭਰੀਆਂ ਬੰਨ੍ਹਣ ਤੇ ਥਰੈਸ਼ਰ 'ਤੇ ਕਣਕ ਤੇ ਤੂੜੀ ਕੱਢਣ ਦੀ ਥਾਂ ਹੁਣ ਕੰਬਾਈਨ ਦੁਆਰਾ ਬਹੁਤ ਥੋੜ੍ਹੇ ਸਮੇਂ ਵਿੱਚ ਕੱਟ ਲਈ ਜਾਂਦੀ ਹੈ। ਨਾ ਜੱਟ ਨੂੰ ਭੱਤਾ ਉਡੀਕਣਾ ਪੈਂਦਾ ਹੈ ਅਤੇ ਨਾ ਹੀ ਦਾਤੀਆਂ ਨੂੰ ਘੁੰਗਰੂ ਲਵਾਉਣੇ ਪੈਂਦੇ ਹਨ। ਅੱਜ-ਕੱਲ੍ਹ ਤਾਂ ਦਾਤੀਆਂ ਦੇ ਦੰਦੇ ਕਢਵਾਉਣ ਦੀ ਵੀ ਲੋੜ ਨਹੀਂ ਰਹੀ।ਪਿਛਲੇ ਸਮੇਂ ਵਿੱਚ 'ਆਵ੍ਹਤ ਪਾਉਣ' ਦਾ ਰਿਵਾਜ ਸੀ। ਆਵ੍ਹਤ ਦਾ ਭਾਵ ਰਿਸ਼ਤੇਦਾਰੀ ਵਿੱਚੋਂ 20-25 ਆਦਮੀ ਇਕੱਠੇ ਹੋ ਕੇ ਆਪਣੇ ਰਿਸ਼ਤੇਦਾਰ ਦੀ ਹਾੜ੍ਹੀ ਵੱਢਣ ਜਾਂਦੇ ਸਨ। ਇਨ੍ਹਾਂ ਬੰਦਿਆਂ ਦੀ ਬਹੁਤ ਸੇਵਾ ਕੀਤੀ ਜਾਂਦੀ ਸੀ। ਸਾਰਿਆਂ ਨੂੰ ਰੱਜਵਾਂ ਕੜਾਹ ਖਵਾਇਆ ਜਾਂਦਾ ਤਾਂ ਕਿ ਉਹ ਆਪਣੇ ਪਿੰਡ ਜਾ ਕੇ ਰਿਸ਼ਤੇਦਾਰ ਦੀ ਖ਼ੂਬ ਪ੍ਰਸ਼ੰਸਾ ਜਾਂ ਵਡਿਆਈ ਕਰਨ।



# ਪੰਜਾਬੀ ਸਾਹਿਤ ਦੇ ਖੇਤਰ 'ਚ ਨੰਦ ਲਾਲ ਨੂਰਪੁਰੀ ਦਾ ਯੋਗਦਾਨ ਬੇਮਿਸਾਲ-ਡਾ. ਹਮਦਰਦ

## ਉੱਘੇ ਸ਼ਾਇਰ ਗੁਰਭਜਨ ਸਿੰਘ ਗਿੱਲ ਦਾ ਜਲੰਧਰ 'ਚ ਪਹਿਲੇ ਨੰਦ ਲਾਲ ਨੂਰਪੁਰੀ ਪੁਰਸਕਾਰ ਨਾਲ ਸਨਮਾਨ




ਜਲੰਧਰ-ਪੰਜਾਬੀ ਸਾਹਿਤ ਦੇ ਖੇਤਰ 'ਚ ਨੰਦ ਲਾਲ ਨੂਰਪੁਰੀ ਦਾ ਯੋਗਦਾਨ ਬੇਮਿਸਾਲ ਹੈ। ਉਨ੍ਹਾਂ ਦੇ ਗੀਤਾਂ ਦੀ ਧੂਮ ਬਾਲੀਵੁੱਡ ਤੱਕ ਪੈਂਦੀ ਰਹੀ ਹੈ ਤੇ ਜਿੱਥੇ ਪ੍ਰਸਿੱਧ ਗਾਇਕ ਮੁਹੰਮਦ ਰਫੀ ਤੋਂ ਲੈ ਕੇ ਗਾਇਕਾ ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸ਼ਲੇ ਵਰਗੀਆਂ ਨਾਮਵਰ ਗਾਇਕਾਵਾਂ ਵਲੋਂ ਉਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਗਈ ਉੱਥੇ ਪੰਜਾਬੀ ਦੀਆਂ ਨਾਮਵਰ ਗਾਇਕਾਵਾਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਸਮੇਤ ਹੋਰਨਾਂ ਗਾਇਕਾਂ ਦੀ ਆਵਾਜ਼ 'ਚ ਵੀ ਉਨ੍ਹਾਂ ਦੇ ਗੀਤਾਂ ਅਕਸਰ ਰੇਡੀਓ 'ਤੇ ਗੂੰਜਦੇ ਰਹੇ ਹਨ। ਨੰਦ ਲਾਲ ਨੂਰਪੁਰੀ ਕਵੀ ਦਰਬਾਰਾਂ ਦੀ ਵੀ ਸ਼ਾਨ ਹੋਇਆ ਕਰਦੇ ਸਨ ਤੇ ਅਕਸਰ ਕਵੀ ਦਰਬਾਰਾਂ 'ਚ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਜਾਂਦਾ ਸੀ ਪਰ ਜਿਸ ਤਰ੍ਹਾਂ ਦਾ ਮਾਣ ਸਨਮਾਨ ਇਸ ਮਹਾਨ ਸ਼ਾਇਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ, ਉਹ ਉਨ੍ਹਾਂ ਨੂੰ ਨਸੀਬ ਨਹੀਂ ਹੋ ਸਕਿਆ। ਸਮੇਂ ਦੀਆਂ ਸਰਕਾਰਾਂ ਨਾਲ ਇਹ ਗਿਲਾ ਅੱਜ ਲੋਕ ਮੰਚ ਪੰਜਾਬ ਵਲੋਂ ਹੰਸ ਰਾਜ ਮਹਿਲਾ ਮਹਾਂਵਿਦਿਆਲਾ ਜਲੰਧਰ ਵਿਖੇ ਕਰਵਾਏ ਇਕ ਪ੍ਰਭਾਵਸ਼ਾਲੀ ਸਮਾਗਮ 'ਚ ਉੱਘੇ ਸ਼ਾਇਰ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਪਹਿਲਾ ਨੰਦ ਲਾਲ ਨੂਰਪੁਰੀ ਪੁਰਸਕਾਰ ਜਿਸ ਵਿਚ ਸਨਮਾਨ ਪੱਤਰ ਤੇ ਯਾਦਗਾਰੀ ਚਿੰਨ੍ਹ ਤੋਂ ਇਲਾਵਾ ਇਕ ਲੱਖ ਰੁਪਏ ਸ਼ਾਮਿਲ ਹਨ,ਪ੍ਰਦਾਨ ਕਰਨ ਤੋਂ ਬਾਅਦ ਕਰਦਿਆਂ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਨੰਦ ਲਾਲ ਨੂਰਪੁਰੀ ਦਾ ਆਖਰੀ ਸਮਾਂ ਬੇਹੱਦ ਤੰਗੀ ਤੁਰਸ਼ੀ 'ਚ ਗੁਜ਼ਰਿਆ ਤੇ ਉਨ੍ਹਾਂ ਦੀ ਮੌਤ ਵੀ ਬਹੁਤ ਹੀ ਦੁਖਦਾਈ ਢੰਗ ਨਾਲ ਹੋਈ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਪੰਜਾਬੀ ਸਾਹਿਤ ਦੇ ਖੇਤਰ 'ਚ ਉਨ੍ਹਾਂ ਦੇ ਯੋਗਦਾਨ ਨੂੰ ਵੀ ਪੂਰੀ ਤਰ੍ਹਾਂ ਨਾਲ ਵਿਸਾਰ ਦਿੱਤਾ ਗਿਆ। ਉਨ੍ਹਾਂ ਸਰਕਾਰਾਂ ਦੇ ਨਾਲ ਨਾਲ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨੰਦ ਲਾਲ ਨੂਰਪੁਰੀ ਦੀ ਯਾਦ 'ਚ ਕੋਈ ਢੁੱਕਵੀਂ ਸਰਗਰਮੀ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਇਹ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਉੱਥੇ ਇਹ ਸਰਗਰਮੀ ਨੌਜਵਾਨਾਂ ਅੰਦਰ ਉਤਸ਼ਾਹ ਭਰਦੀ ਹੋਈ, ਉਨ੍ਹਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ 'ਚ ਵੀ ਅਹਿਮ ਯੋਗਦਾਨ ਪਾ ਸਕੇਗੀ।

ਇਸ ਮੌਕੇ ਉਨ੍ਹਾਂ ਨੰਦ ਲਾਲ ਨੂਰਪੁਰੀ ਦੀਆਂ ਰਚਨਾਵਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਉੱਚ ਕੋਟੀ ਦੇ ਸ਼ਾਇਰ ਸਨ ਤੇ ਉਨ੍ਹਾਂ ਦੇ ਗੀਤ ਤੇ ਕਵਿਤਾਵਾਂ ਪੰਜਾਬੀ ਸੱਭਿਆਚਾਰ ਦੀ ਅਸਲ ਤਰਜ਼ਮਾਨੀ ਕਰਦੀਆਂ ਹਨ। ਇਸ ਮੌਕੇ ਉਨ੍ਹਾਂ ਇਸ ਉਪਰਾਲੇ ਲਈ ਲੋਕ ਮੰਚ ਸੰਸਥਾ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਉੱਦਮ ਨਾਲ ਹੋਰਨਾਂ ਲੇਖਕਾਂ, ਕਵੀਆਂ ਤੇ ਸ਼ਾਇਰਾਂ ਨੂੰ ਵੀ ਉਤਸ਼ਾਹ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਐਚ. ਐਮ. ਵੀ. ਕਾਲਜ ਵਲੋਂ ਪ੍ਰਿੰਸੀਪਲ ਡਾ. ਅਜੇ ਸਰੀਨ ਦੀ ਅਗਵਾਈ ਹੇਠ ਸਿੱਖਿਆ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਨੂੰ ਵੀ ਸਰਾਹਿਆ।

ਇਸ ਮੌਕੇ ਡਾ. ਹਮਦਰਦ ਨੇ ਹਾਜ਼ਰੀਨ ਦੀ ਜ਼ੋਰਦਾਰ ਮੰਗ 'ਤੇ ਬਾਬਾ ਬੁੱਲ੍ਹੇ ਸ਼ਾਹ ਦੇ ਕਲਾਮ 'ਮੈਂ ਕਸੁੰਭੜਾ ਚੁਣ-ਚੁਣ ਹਾਰੀ' ਅਤੇ 'ਅੱਜ ਧੀ ਘਰ ਆਇਆ ਲਾਲ ਨੀਂ' ਆਪਣੀ ਸੋਜ਼ਮਈ ਆਵਾਜ਼ 'ਚ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਸੁਰਮਈ ਬਣਾ ਦਿੱਤਾ।

ਇਸ ਤੋਂ ਪਹਿਲਾਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਆਪਣੇ ਸਾਹਿਤਕ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਦੇਸ਼ ਵੰਡ ਦੇ ਦੁਖਾਂਤ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਹੈ ਤੇ ਉਸ ਸਮੇਂ ਹੋਈ ਕਤਲੋਗਾਰਦ 'ਚ ਉਨ੍ਹਾਂ ਨੂੰ ਕਈ ਆਪਣਿਆਂ ਨੂੰ ਗੁਆਉਣਾ ਪਿਆ ਤੇ ਉਸ ਸਮੇਂ ਦੀਆਂ ਕੁਲਹਿਣੀਆਂ ਯਾਦਾਂ ਅੱਜ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸੰਵੇਦਨਾ ਤੇ ਵੇਦਨਾ ਸੁਮੇਲ ਹੀ ਉਨ੍ਹਾਂ ਦੀ ਸ਼ਾਇਰੀ ਦੀ ਅਸਲ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਉਹ ਗੁਰੂ ਨਾਨਕ, ਬਾਬਾ ਫਰੀਦ ਤੇ ਬਾਬਾ ਬੁੱਲ੍ਹੇ ਸ਼ਾਹ ਸਮੇਤ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ,ਸ਼ਿਵ ਕੁਮਾਰ ਬਟਾਲਵੀ ਤੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ, ਤੋਂ ਵੀ ਬੇਹੱਦ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਮਾਡਲ ਹਾਊਸ ਜਲੰਧਰ ਦਾ ਨਾਮ ਨੰਦ ਲਾਲ ਨੂਰਪੁਰੀ ਨਗਰ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਜਾਵੇ। ਇਸ ਸਬੰਧੀ ਸਭ ਹਾਜ਼ਰ ਵਿਅਕਤੀਆਂ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮਨਜਿੰਦਰ ਸਿੰਘ ਨੇ ਵੀ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਸਾਹਿਤਕ ਸਫਰ ਅਤੇ ਨਿੱਜੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਲੋਕ ਮੰਚ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਨੇ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਸੰਸਥਾ ਦੀ ਤਰਫੋਂ ਨੰਦ ਲਾਲ ਨੂਰਪੁਰੀ ਸਬੰਧੀ ਬਣਾਈ ਜਾਣ ਵਾਲੀ ਕਿਸੇ ਵੀ ਪ੍ਰਕਾਰ ਦੀ ਸਰਗਰਮੀ ਜਾਂ ਯਾਦਗਾਰ ਲਈ 5 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਸੰਸਥਾ ਦੇ ਚੇਅਰਮੈਨ ਡਾ. ਲਖਵਿੰਦਰ ਸਿੰਘ ਜੌਹਲ ਨੇ ਸੁਰਿੰਦਰ ਸਿੰਘ ਸੁੰਨੜ ਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਲਗਾਅ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਵਿਦੇਸ਼ ਤੋਂ ਆ ਕੇ ਉਨ੍ਹਾਂ ਵਲੋਂ ਇਸ ਸੰਸਥਾ ਦੇ ਰਾਹੀਂ ਹੁਣ ਤੱਕ ਪੰਜਾਬੀ ਸਾਹਿਤ ਦੇ ਖੇਤਰ 'ਚ ਯੋਗਦਾਨ ਪਾਉਣ ਵਾਲੀਆਂ ਅਨੇਕਾਂ ਸ਼ਖਸੀਅਤਾਂ ਨੂੰ ਸਨਮਾਨਿਤ ਕਰ ਚੁੱਕੇ ਹਨ। ਕਾਲਜ ਦੀ ਪ੍ਰਿੰਸੀਪਲ ਮੈਡਮ ਡਾ. ਅਜੇ ਸਰੀਨ ਨੇ ਵੀ ਸਾਰੀਆਂ ਸ਼ਖਸ਼ੀਅਤਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਮੁੱਚੇ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਅੱਜ ਦਾ ਇਹ ਸਮਾਗਮ ਉਨ੍ਹਾਂ ਦੇ ਕਾਲਜ ਵਿਚ ਹੋ ਰਿਹਾ ਹੈ। ਪੰਜਾਬੀ ਵਿਭਾਗ ਦੀ ਮੁਖੀ ਪ੍ਰੋ. ਨਵਰੂਪ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਵਲੋਂ ਡਾ. ਬਰਜਿੰਦਰ ਸਿੰਘ ਹਮਦਰਦ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਬਾਰੇ ਤਿਆਰ ਕੀਤੀਆਂ ਦੋ ਲਘੂ ਫਿਲਮਾਂ ਵੀ ਦਿਖਾਈਆਂ ਗਈਆਂ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਕੁਲਜੀਤ ਕੌਰ ਅਠਵਾਲ ਅਤੇ ਰਮਨਪ੍ਰੀਤ ਕੌਰ ਵਲੋਂ ਕੀਤਾ ਗਿਆ। ਸਮਾਗਮ ਵਿੱਚ ਗੁਰਭਜਨ ਸਿੰਘ ਗਿੱਲ ਦੇ ਵੱਡੇ ਵੀਰ ਪ੍ਰੋ. ਸੁਖਵੰਤ ਸਿੰਘ ਗਿੱਲ ਬਟਾਲਾ, ਪ੍ਰਿੰਸੀਪਲ ਕੁਲਵੰਤ ਕੌਰ ਗਿੱਲ ਬਟਾਲਾ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਸਾਬਕਾ ਵਾਈਸ ਚਾਂਸਲਰ ਡਾ. ਗੁਰਸ਼ਰਨ ਸਿੰਘ ਰੰਧਾਵਾ,ਸਾਬਕਾ ਕੈਬਨਿਟ ਮੰਤਰੀ ਸ. ਮਲਕੀਤ ਸਿੰਘ ਦਾਖਾ, ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ, ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇੱ ਚੇਅਰਮੈਨ ਕੇ. ਕੇ. ਬਾਵਾ, ਸੇਵਾ ਮੁਕਤ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਤੂਰ, ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ, ਪ੍ਰਿੰਸੀਪਲ ਡਾ. ਜਸਬੀਰ ਕੌਰ ਗਿੱਲ, ਡਾ. ਪ੍ਰਿੰਸੀਪਲ ਤੇਜਿੰਦਰ ਕੌਰ ਸ਼ਾਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਿਜ ਸਠਿਆਲਾ,ਪੰਜਾਬੀ ਲੇਖਕ ਬਲਵਿੰਦਰ ਸਿੰਘ ਚਾਹਲ ਬਰਮਿੰਘਮ(ਯੂ ਕੇ) ਦੇਵਿੰਦਰ ਬਿਮਰਾ, ਡਾ. ਰਾਮ ਮੂਰਤੀ, ਪੰਜਾਬੀ ਕਵਿੱਤਰੀ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (ਅਮਰੀਕਾ) ਪੰਜਾਬੀ ਕਵੀ ਹਰਵਿੰਦਰ ਚੰਡੀਗੜ੍ਹ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਪ੍ਰੋ. ਅਸ਼ੋਕ ਖੁਰਾਣਾ,ਪ੍ਰੋ. ਸੁਰਜੀਤ ਜੱਜ, ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਕੌਮੀ ਪ੍ਰਸਿੱਧੀ ਪ੍ਰਾਪਤ ਫੋਟੋ ਕਲਾਕਾਰ ਤੇਜ ਪ੍ਰਤਾਪ ਸਿੰਘ ਸੰਧੂ, ਪੰਜਾਬੀ ਕਵੀ ਤ੍ਰੈਲੋਚਨ ਲੋਚੀ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ (ਲੁਧਿਆਣਾ) ਬਲਕਾਰ ਸਿੰਘ ਲੁਧਿਆਣਾ, ਅਰਜੁਨ ਬਾਵਾ,ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ, ਜਤਿੰਦਰ ਪਨੂੰ, ਸਤਨਾਮ ਸਿੰਘ ਚਾਨਾ, ਰਾਕੇਸ਼ ਸ਼ਾਂਤੀਦੂਤ, ਆਤਮ ਪ੍ਰਕਾਸ਼ ਸਿੰਘ ਬਬਲੂ, ਪ੍ਰੋ. ਮਨਜੀਤ ਸਿੰਘ, ਸੰਗਤ ਰਾਮ, ਸ਼ੀਤਲ ਸਿੰਘ ਸੰਘਾ, ਕਵਿੱਤਰੀ ਮਨਜੀਤ ਕੌਰ ਮੀਸ਼ਾ, ਅਮਰਜੀਤ ਸਿੰਘ ਨਿੱਝਰ, ਸ੍ਰੀਮਤੀ ਜਸਵਿੰਦਰ ਕੌਰ ਗਿੱਲ ਤੇ ਡਾ. ਸੁਰਿੰਦਰ ਕੌਰ ਭੱਠਲ ਤੋਂ ਇਲਾਵਾ ਕਾਲਜ ਸਟਾਫ ਅਤੇ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8



ਸਪੈਸ਼ਲ ਸੇਲ !

www.dream-carpets.com

dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

from $2.28 SF — Textured Saxony Installed

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਜ਼ਮਾਨ ਸ਼ਾਹ ਦੂਜੀ ਵਾਰ 1795 ਈ: ਫਿਰ ਹਿੰਦ ਵੱਲ ਆਇਆ ਹਿਰਾਤ ਵਿੱਚ ਬਗਾਵਤ ਹੋਣ ਕਰਕੇ ਰਾਹ 'ਚੋਂ ਮੁੜ ਗਿਆ

1904 ਦਿੱਲੀ ਸਣੇ ਹੋਰ ਨਵਾਬ ਸਾਰੇ, ਸ਼ਾਹ ਜ਼ਮਾਨ ਨੂੰ ਰਹੇ ਬੁਲਾਅ ਮੀਆਂ।
ਲੱਕ ਤੋੜ ਤੂੰ ਸਿੱਖਾਂ-ਮਰਾਠਿਆਂ ਦਾ, ਇਨ੍ਹਾਂ ਕੋਲੋਂ ਸਾਨੂੰ ਬਚਾ ਮੀਆਂ।
ਖਰਚ ਦਿਆਂਗੇ ਤੇਰੇ ਆਵਣੇ ਦਾ, ਮਨ ਭਾਉਂਦੀ ਲੁੱਟ ਮਚਾ ਮੀਆਂ।
ਹਰਚੰਦ ਸਿੰਘਾ ਇਸਲਾਮ ਦਾ ਵਾਸਤਾ ਏ, ਕਟਕ ਚਾੜ੍ਹ ਕੇ ਛੇਤੀ ਲਿਆ ਮੀਆਂ॥

### ਦਸੰਬਰ 1796 ਈ: ਨੂੰ ਜ਼ਮਾਨ ਸ਼ਾਹ ਤੀਜੀ ਵਾਰ ਫਿਰ ਆਇਆ

1905 ਇਸ ਵਾਰੀ ਦਿੱਲੀ ਦੀ ਲੁੱਟ ਕਰਨੀ, ਮਨ ਆਪਣੇ ਉਹੋ ਸੀ ਧਾਰ ਆਇਆ।
ਭਾਰੀ ਫ਼ੌਜ, ਤੋਪਾਂ ਤੇ ਲੈ ਰਫਲਾਂ, ਦਰਾ ਖ਼ੈਬਰ ਕਰ ਸੀ ਪਾਰ ਆਇਆ।
ਸਿੱਧਾ ਲੜ ਕੇ ਨਹੀਂ ਨੁਕਸਾਨ ਕਰਨਾ, ਮਨ ਸਿੰਘਾਂ ਦੇ ਇਹ ਵਿਚਾਰ ਆਇਆ।
ਹਰਚੰਦ ਸਿੰਘਾ ਪਵਾਂਗੇ ਹੋ 'ਕੱਠੇ, ਜਦ ਇਹ ਪੰਜਾਬ ਵਿਚਕਾਰ ਆਇਆ॥

### 11 ਜਨਵਰੀ 1797 ਨੂੰ ਭਿਆਨਕ ਜੰਗ ਹੋਣੀ

1906 ਅੰਮ੍ਰਿਤਸਰ ਦੇ ਜਦ ਉਹ ਪਾਸ ਆਇਆ, ਸਿੰਘ ਉਸਨੂੰ ਪਏ ਲਲਕਾਰ ਉੱਥੇ।
ਦੋਵੇਂ ਪਾਸੇ ਧਨੀ ਤਲਵਾਰ ਦੇ ਸੀ, ਨਾਲ ਜੋਸ਼ ਦੇ ਕਰਦੇ ਵਾਰ ਉੱਥੇ।
ਤੋਪਾਂ, ਰਹਿਕਲੇ, ਰਫਲਾਂ, ਫੈਰ ਖੋਲ੍ਹੇ, ਲੋਥਾਂ ਰੁਲੀਆਂ ਕਈ ਹਜ਼ਾਰ ਉੱਥੇ।
ਹਰਚੰਦ ਸਿੰਘਾ ਛੱਕੇ ਛੁਡਾ ਦਿੱਤੇ, ਰਣਜੀਤ ਸਿੰਘ ਨੇ ਫੇਰੀ ਤਲਵਾਰ ਉੱਥੇ॥
1907 ਜ਼ਮਾਨ ਸ਼ਾਹ ਨੇ ਜ਼ੋਰ ਤੇ ਬਹੁਤ ਲਾਇਆ, ਅੰਤ ਬੈਠਾ ਢੇਰੀਆਂ ਢਾਹ ਕੇ ਜੀ।
ਅੰਤ ਉਸ ਸਮਝੌਤੇ ਦੀ ਗੱਲ ਤੋਰੀ, ਰਣਜੀਤ ਸਿੰਘ ਵੱਲ ਦੂਤ ਭਿਜਵਾ ਕੇ ਜੀ।
ਅੱਧ ਦਿੱਲੀ ਦੀ ਲੁੱਟ 'ਚੋਂ ਦਿਆਂ ਤੈਨੂੰ, ਮੱਦਦ ਮੇਰੀ ਕਰੇ ਜੇ ਆ ਕੇ ਜੀ।
ਰਣਜੀਤ ਸਿੰਘ ਨੇ ਕਿਹਾ ਹਰਚੰਦ ਸਿੰਘਾ, ਤੇਰੀ ਛੱਡਣੀ ਅਲਖ ਮੁਕਾ ਜੀ॥
1908 ਪੇਸ਼ ਗਈ ਨਾ ਜਦੋਂ ਜ਼ਮਾਨ ਸ਼ਾਹ ਦੀ, ਕਾਬਲ ਵੱਲ ਨੂੰ ਜਾਨ ਬਚਾਅ ਤੁਰਿਆ।
ਲਾਹੌਰ ਤੇ ਕਿਲ੍ਹਾ ਰੁਹਤਾਸ ਆਪਣੇ, ਹਾਕਮ ਅਤੇ ਫੌਜੀ ਬਹਾ ਤੁਰਿਆ।
ਸਫਾਇਆ ਇਨ੍ਹਾਂ ਸਿੰਘਾਂ ਦਾ ਕਰ ਦੇਣਾ, ਇਹ ਹੁਕਮ ਉਨ੍ਹਾਂ ਨੂੰ ਲਾ ਤੁਰਿਆ।
ਹਰਚੰਦ ਸਿੰਘਾ ਬਚਾਈ ਜਾਨ ਆਪਣੀ, ਮੌਤ ਉਨ੍ਹਾਂ ਦੇ ਗਲਾਂ ਵਿੱਚ ਪਾ ਤੁਰਿਆ॥
1909 ਜ਼ਮਾਨ ਸ਼ਾਹ ਨੂੰ ਸਿੰਘਾਂ ਨੇ ਕੱਢ ਦੇਸ਼ੋਂ, ਫੇਰ ਹਾਕਮ ਵੀ ਦਿੱਤੇ ਨੇ ਮਾਰ ਸਾਰੇ।
ਰਣਜੀਤ ਸਿੰਘ ਨੇ ਖਾਲੀ ਕਰਵਾ ਲਏ, ਥਾਂ ਆਪਣੇ ਫੇਰ ਤਲਵਾਰ ਸਾਰੇ।
ਪਈਆਂ ਭਾਜੜਾਂ ਉੱਥੇ ਦੁਰਾਨੀਆਂ ਨੂੰ, ਕਤਲ ਕੀਤੇ ਸ਼ਿਪਾ-ਸਲਾਰ ਸਾਰੇ।
ਆਪੋ ਆਪਣੇ ਥਾਈਂ ਹਰਚੰਦ ਸਿੰਘਾ, ਬੈਠੇ ਜਿੱਤ ਕੇ ਜਾ ਸਰਦਾਰ ਸਾਰੇ॥

### ਮਈ 1797 ਨੂੰ ਟੀਪੂ ਸੁਲਤਾਨ ਸਣੇ ਵਜ਼ੀਰ ਅਵਧ, ਰਾਜਾ ਜੰਮੂ, ਕਾਂਗੜਾ, ਮਹੰਤ ਬਿਸੰਬਰ ਦਾਸ ਜੰਡਿਆਲੀਆ ਆਦਿ ਜ਼ਮਾਨ ਸ਼ਾਹ ਨੂੰ ਕੁੱਲ ਸਹਾਇਤਾ ਅਤੇ ਸਹਿਯੋਗ ਦੇਣਾ ਮੰਨ ਕੇ ਸੱਦੇ ਦੇਣ ਲੱਗੇ

1910 ਕਿੰਨੀ ਸ਼ਰਮਨਾਕ ਇਹ ਗੱਲ੍ਹ ਹੈ ਸੀ, ਕਿਵੇਂ ਲੋਕ ਇਹ ਤਰਲੇ ਪਾਂਵਦੇ ਨੇ।
ਆਪਣੇ ਹਿੱਤ ਲਈ ਜ਼ਾਲਮ-ਜਰਵਾਨਿਆਂ ਨੂੰ, ਖਰਚਾ ਦੇ ਕੇ ਆਪ ਬੁਲਾਂਵਦੇ ਨੇ।
ਬੇ-ਗੈਰਤ ਤੇ ਮਰੀ ਰੂਹ ਵਾਲੇ, ਭੂੰਡ ਕਲੀਆਂ ਉੱਤੇ ਬਹਾਂਵਦੇ ਨੇ।
ਹਰਚੰਦ ਸਿੰਘਾ ਦੇਸ਼ ਨੂੰ ਕਰ ਪਿੱਛੇ, ਮੋਏ ਆਪਣੇ ਰਾਜ ਬਚਾਂਵਦੇ ਨੇ॥
1911 ਬਿਨਾਂ ਸਿੱਖਾਂ ਅਤੇ ਮਰਾਠਿਆਂ ਤੋਂ, ਹਰੀ ਝੰਡੀ ਦਿੱਤੀ ਹੈ ਸਾਰਿਆਂ ਨੇ।
ਤਰਲੇ ਪਾਏ ਰਾਜਾ ਨਿਪਾਲ ਦਾ ਵੀ, ਮੁਸਲਮ ਨਵਾਬਾਂ ਕਿਸਮਤਾਂ ਹਾਰੀਆਂ ਨੇ।
ਹਿੰਦ ਵਾਸੀ ਹਿੰਦ ਦੇ ਹੋਏ ਵੈਰੀ, ਢੇਰੀ ਢਾਹੀ ਕਰਮਾ ਮਾਰਿਆਂ ਨੇ।
ਹਰਚੰਦ ਸਿੰਘਾ ਹਿੰਦ ਦੀ ਕਰੀ ਰਾਖੀ, ਜਾਨਾਂ ਵਾਰ ਕੇ ਗੁਰੂ ਪਿਆਰਿਆਂ ਨੇ॥

### ਇਨ੍ਹਾਂ ਦੇਸ਼ ਦੇ ਦੁਸ਼ਮਣਾਂ ਦੀ ਸ਼ਹਿ ਉੱਤੇ 1798 ਈ: ਵਿਚ ਸ਼ਾਹ ਜ਼ਮਾਨ ਪੂਰੀ ਤਿਆਰੀ ਨਾਲ ਚੌਥੀ ਵਾਰ ਫਿਰ ਦਿੱਲੀ, ਪੰਜਾਬ, ਆਗਰਾ ਅਤੇ ਮਥਰਾ ਦੀ ਲੁੱਟ ਕਰਨ ਲਈ ਆਇਆ

1912 ਚੌਥੀ ਵਾਰ ਫੇਰ ਜ਼ਮਾਨ ਸ਼ਾਹ ਨੇ, ਗੁੱਸਾ ਖਾ ਕੇ ਚੱਬਿਆ ਅੱਕ ਬੇਲੀ।
60 ਹਜ਼ਾਰ ਸੀ ਲੈ ਕੇ ਫੌਜ ਤੁਰਿਆ, 35 ਤੋਪਾਂ ਦਿੱਤੀਆਂ ਧੱਕ ਬੇਲੀ।
ਅੱਗੇ ਗੁਰੂ ਦੇ ਸਿੰਘ ਵੀ ਹਿੰਦ ਲਈ, ਮੂਹਰੇ ਖੜ੍ਹ ਗਏ ਬੰਨ੍ਹ ਕੇ ਲੱਕ ਬੇਲੀ।
ਹਰਚੰਦ ਸਿੰਘਾ ਲੱਗਾ ਰਣਜੀਤ ਅੱਗੇ, ਓਟ-ਆਸਰਾ ਗੁਰੂ ਦਾ ਤੱਕ ਬੇਲੀ॥
1913 ਸਿੰਘਾਂ ਓਹੀ ਅਪਣਾਈ ਰਣ-ਨੀਤੀ, ਰਾਹ ਦਿੱਤਾ ਸ਼ਾਹ ਨੂੰ ਫੇਰ ਲੋਕੋ।
ਜਦ ਉਹ ਲਾਹੌਰ ਸੀ ਆ ਬੈਠਾ, ਲਿਆ ਚਾਰੇ ਪਾਸਿਓਂ ਘੇਰ ਲੋਕੋ।
ਰਣਜੀਤ ਸਿੰਘ ਸੀ ਹਮਲੇ ਕਰਨ ਲੱਗਾ, ਬਾਕੀ ਸਿੰਘਾਂ ਵੀ ਲਾਈ ਨਾ ਦੇਰ ਲੋਕੋ।
ਹਰਚੰਦ ਸਿੰਘਾ ਕਿਲ੍ਹੇ 'ਚੋਂ ਸ਼ਾਹ ਵੇਖੇ, ਜਿਵੇਂ ਪਿੰਜਰੇ ਵਿੱਚੋਂ ਸ਼ੇਰ ਲੋਕੋ॥
1914 ਅਹਿਮਦ ਸ਼ਾਹ ਅਬਦਾਲੀ ਦਾ ਪੋਤਰਾ ਇਹ, ਬਦਲਾ ਬਾਬੇ ਦਾ ਸਿੰਘਾਂ ਤੋਂ ਲੈਣ ਆਇਆ।
ਫ਼ੌਜਾਂ, ਅਸਲਾ, ਲੈ ਕੇ ਤੋਪਖਾਨੇ, ਬਣ ਬਿਜਲੀ ਸਿੰਘਾਂ ਤੇ ਪੈਣ ਆਇਆ।
ਅਸੀਂ ਅਜੇ ਵੀ ਮਾਲਕ ਪੰਜਾਬ ਦੇ ਹਾਂ,ਜ਼ੋਰ ਲਸ਼ਕਰੀ ਤਖ਼ਤ ਤੇ ਬਹਿਣ ਆਇਆ।
ਹਰਚੰਦ ਸਿੰਘਾ ਦੇਸ਼ ਪੰਜਾਬ ਤਾਈਂ, ਅਫਗਾਨ ਦਾ ਹਿਸਾ ਸੀ ਕਹਿਣ ਆਇਆ॥
1915 ਸਿੰਘਾਂ ਜੰਗਲੀਂ ਮੋਰਚੇ ਜਾ ਲਾਏ, ਬਹਿਗੇ ਕਰਕੇ ਖੂਬ ਤਿਆਰੀਆਂ ਨੇ।
ਲੁੱਟ-ਖੋਹ ਕੇ ਪਿੰਡ ਤੇ ਸ਼ਹਿਰ ਰਾਹ ਦੇ, ਲਾਹੌਰ ਉਤਰੀਆਂ ਫ਼ੌਜਾਂ ਭਾਰੀਆਂ ਨੇ।
ਰਾਤ ਪੈਂਦਿਆਂ ਝਪਟਦੇ ਸਿੰਘ ਆ ਕੇ, ਚੱਲਣ ਰਫਲਾਂ ਅਤੇ ਕਟਾਰੀਆਂ ਨੇ।
ਹਰਚੰਦ ਸਿੰਘਾ ਕਿਲ੍ਹੇ ਦੇ ਵਿੱਚ ਬੈਠੇ, ਦੁਰਾਨੀ ਕਰਕੇ ਜਾਨਾਂ ਪਿਆਰੀਆਂ ਨੇ॥
1916 ਸ਼ਾਮ ਪੈਂਦਿਆਂ ਆ ਰਣਜੀਤ ਸਿੰਘ, ਮੂਹਰੇ ਕਿਲ੍ਹੇ ਦੇ ਆ ਲਲਕਾਰਦਾ ਏ।
ਸੰਮਨ ਬੁਰਜ ਦੇ ਹੇਠ ਜਵਾਨ ਲੈ ਕੇ, ਤਾੜ ਤਾੜ ਉਹ ਗੋਲੀਆਂ ਮਾਰਦਾ ਏ।
ਚੜ੍ਹਤ ਸਿੰਘ ਦਾ ਪੋਤਰਾ ਦੇਖ ਆਇਆ, ਅਹਿਮਦ ਪੋਤਰੇ ਤੈਨੂੰ ਵੰਗਾਰਦਾ ਏ।
ਇਹ ਤਾਂ ਸਮਾਂ ਹੀ ਦੱਸੂ ਹਰਚੰਦ ਸਿੰਘਾ, ਕੌਣ ਜਿੱਤਦਾ ਤੇ ਕੌਣ ਹਾਰਦਾ ਏ॥
1917 ਇਨ੍ਹਾਂ ਨਿੱਤ ਦੇ ਮਾਰੂ ਹਮਲਿਆਂ ਤੋਂ, ਬੜਾ ਜਿੱਚ ਸੀ ਸ਼ਾਹ ਜ਼ਮਾਨ ਹੋਇਆ।
ਜਿਹੜਾ ਅਲਖ ਮੁਕਾਉਣ ਲਈ ਆਇਆ ਸੀ, ਠੰਡਾ ਉਸਦਾ ਸਭ ਗੁਮਾਨ ਹੋਇਆ।
ਸ਼ੇਰਾਂ ਵਾਂਗ ਸੀ ਆ ਕੇ ਸਿੰਘ ਪੈਂਦੇ, ਲੁੱਟ ਉਸਦਾ ਸਾਜੋ ਸਮਾਨ ਹੋਇਆ।
ਲੁੱਟਣ ਆਇਆ ਲੁੱਟਿਆ ਜਾਣ ਲੱਗਾ, ਹਰਚੰਦ ਸਿੰਘਾ ਸ਼ਾਹ ਭੈਮਾਨ ਹੋਇਆ॥
1918 ਜੋ ਕਿਲੇ ਦੇ ਵਿੱਚ ਮਹਿਫੂਜ ਨਹੀਓਂ, ਉਸ ਜੰਗਲਾਂ ਵਿੱਚ ਕੀ ਵੜ੍ਹਨਾ ਏ।
ਦਿਲ ਜਿਸ ਦਾ ਢੇਰੀ ਢਾਹ ਦੇਵੇ, ਉਸ ਵਿਚ ਮੈਦਾਨ ਕੀ ਲੜ੍ਹਨਾ ਏ।
ਪਾਣੀ ਹੜ੍ਹ ਦਾ ਸ਼ੂਕਦਾ ਜਦ ਆਵੇ, ਖਾਲਾਂ ਵੱਟਾਂ ਕੀ ਮੂਹਰੇ ਖੜ੍ਹਨਾ ਏ।
ਹਰਚੰਦ ਸਿੰਘਾ ਜੋ ਹਵਾ ਨਾ ਚੀਰ ਸਕੇ, ਉਸ ਜਹਾਜ਼ ਨੇ ਅਰਸ ਕੀ ਚੜ੍ਹਨਾ ਏ॥
1919 ਹੱਥ-ਹੌਸਲੇ ਦੇਖ ਪੰਜਾਬੀਆਂ ਦੇ, ਸ਼ਾਹ ਜ਼ਮਾਨ ਵੀ ਅੰਦਰੋਂ ਡਰਨ ਲੱਗਾ।
ਜਿਹੜੇ ਰਾਹ ਲਤਾੜਦਾ ਉਹ ਆਇਆ, ਰਾਹ ਅੰਤ ਨੂੰ ਉਹ ਹੈ ਫੜਨ ਲੱਗਾ।
ਪਤਾ ਲੱਗਿਆ ਕੰਨੀਂ ਭਿਣਕ ਪਈ, ਰੋਹ ਹੋਰ ਸਰਦਾਰਾਂ ਨੂੰ ਚੜ੍ਹਨ ਲੱਗਾ।
ਹਰਚੰਦ ਸਿੰਘਾ ਜਾਂਦੇ ਨੂੰ ਲੁੱਟਣਾ ਏ, ਰਣਜੀਤ ਸਿੰਘ ਦਲੀਲਾਂ ਘੜਨ ਲੱਗਾ॥
1920 ਇੱਕ ਜਰਨੈਨ ਸਹਾਨਚੀ ਖਾਂ ਉਸਦਾ, ਵਿੱਚ ਲਾਹੌਰ ਦੇ ਉਸਨੂੰ ਛੱਡ ਤੁਰਿਆ।
ਬਾਰਾਂ ਹਜ਼ਾਰ ਜਵਾਨ ਤੇ ਹੋਰ ਅਸਲਾ, ਤੋਪਾਂ ਕਿਲ੍ਹੇ ਦੇ ਉੱਤੇ ਸੀ ਗੱਡ ਤੁਰਿਆ।
ਜਾਨ ਬਚੇ ਤੇ ਮੁੜਨਾ ਪੈਰ ਪਾਵਾਂ, ਲੀਕ ਉਹ ਅਖੀਰੀ ਕੱਢ ਤੁਰਿਆ।
ਹਰਚੰਦ ਸਿੰਘਾ ਥਾਪੜਾ ਦੇਹ ਉਸਨੂੰ, ਬਚਾ ਕੇ ਆਪਣੇ ਉਹੋ ਹੱਡ ਤੁਰਿਆ॥
1921 ਪਿੱਛੇ ਸ਼ਾਹ ਦੇ ਲੱਗੇ ਸਿੰਘ ਸੂਰੇ, ਵਾਜਾਂ ਵਾਂਗੂੰ ਝਪਟਾਂ ਮਾਰਦੇ ਨੇ।
ਤੀਰ ਗੋਲੀਆਂ ਮਾਰ ਦੇ ਵਿੰਨ੍ਹ ਕੇ ਉਹ, ਫ਼ੌਜੀ ਘੋੜਿਆਂ ਉੱਤੋਂ ਉਤਾਰਦੇ ਨੇ।
ਜੇਹਲਮ ਤੱਕ ਸੀ ਲੁੱਟਿਆ ਜੀ ਭਰਕੇ, ਆਹੂ ਲਾਹੁੰਦੇ ਅਤੇ ਲਲਕਾਰਦੇ ਨੇ।
ਲੈ ਕੇ ਖਾਨ-ਪਠਾਣ ਵੀ ਪੈਣ ਤੇਗਾਂ, ਹਰਚੰਦ ਸਿੰਘਾ ਵਾਰ ਸਹਾਰਦੇ ਨੇ॥
1922 ਲੁੱਟ-ਪੁੱਟ, ਹਿੱਟ ਤੇ ਠਿੱਠ ਕਰਕੇ, ਜ਼ਮਾਨ ਸ਼ਾਹ ਨੂੰ ਜੇਹਲਮ ਤੋਂ ਪਾਰ ਕੀਤਾ।
ਰਾਮ ਨਗਰ-ਗੁਜਰਾਤ ਵਿੱਚ ਕਾਰ ਜੁੜਕੇ, ਸਿੰਘਾਂ ਅੱਗੇ ਲਈ ਵਿਚਾਰ ਕੀਤਾ।
ਸਹਾਨਚੀ ਖਾਂ ਨੇ ਤਾੜ ਮੌਕਾ, ਰਾਮ ਨਗਰ ਤੇ ਚੜ੍ਹ ਕੇ ਵਾਰ ਕੀਤਾ।
ਹਰਚੰਦ ਸਿੰਘਾ ਰਣਜੀਤ ਦੀ ਮਿਸਲ ਇਹੋ, ਖਿੜੇ ਮੱਥੇ ਉਸ ਪਰਵਾਨ ਕੀਤਾ॥
1923 ਖੁੱਲ੍ਹੇ ਖੇਤਾਂ ਵਿੱਚ ਨੇ ਆਣ ਗੱਜੇ, ਸੋਹਣੇ ਗੱਭਰੂ ਪੁੱਤ ਦੁਰਾਨੀਆਂ ਦੇ।
ਚੋਰ-ਡਾਕੂ ਲੁਟੇਰੇ ਨੇ ਹੋਏ ਕੱਠੇ, ਭੁੰਨ ਦਿਆਂਗੇ ਵਾਂਗਰਾਂ ਕਾਨੀਆਂ ਦੇ।
ਘੋੜੇ ਕਾਬਲੀ ਹਿਣਕਦੇ ਹੇਠ ਉਨ੍ਹਾਂ, ਲੋਹ ਸੂਟ ਸੀ ਉੱਤੇ ਜਵਾਨੀਆਂ ਦੇ।
ਨਿੱਤ ਮੁਹਿਮਾਂ ਕਾਬਲ ਦੇ ਜਾਇਆਂ ਨੂੰ, ਹਰਚੰਦ ਸਿੰਘਾ ਆਦੀ ਕੁਰਬਾਨੀਆਂ ਦੇ॥
1924 ਨਿਹਾਲ ਸਿੰਘ ਅਟਾਰੀ ਤੇ ਰਣਜੀਤ ਸਿੰਘ ਚੜ੍ਹਿਆ, ਨਾਲ ਉਨ੍ਹਾਂ ਦੇ ਭੰਗੀ ਸਰਦਾਰ ਆਏ।
ਹਾਲੀ-ਪਾਲੀ ਛੱਡ ਕੇ ਕੰਮ ਤੁਰੇ, ਮੋਚੀ, ਝਿਉਰ ਛੀਂਬੇ ਚੱਲ ਲਾਹੌਰ ਆਏ।
ਸ਼ਾਹ ਭੱਜਿਆ ਸਹਾਨਚੀ ਮਾਰਨਾ ਏ, ਸਾਰੇ ਦਿਲਾਂ ਦੇ ਵਿੱਚ ਇਹ ਧਾਰ ਆਏ।
ਤੇਗਾਂ ਚੱਲੀਆਂ ਫਟਣ ਬਰੂਦ ਲੱਗਾ, ਦੋਵੇਂ ਪਾਸਿਓਂ ਯੋਧੇ ਲਲਕਾਰ ਆਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।







ਡਾ: ਗੁਰਿੰਦਰ ਸਿੰਘ ਜੋਸਨ ਡਾ: ਸੰਦੀਪ ਕੌਰ ਚੰਦੀ

# ਮਹੱਤਵਪੂਰਨ ਹੈ ਗੁਰਦਿਆਂ ਦਾ ਸਿਹਤਮੰਦ ਰਹਿਣਾ



ਗੁਰਦੇ ਭਾਵ ਕਿਡਨੀਆਂ ਦਾ ਸਿਹਤਮੰਦ ਰਹਿਣਾ ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਜੇ ਕਿਨਡੀਆਂ ਤੰਦਰੁਸਤ ਹਨ ਤਾਂ ਅਸੀਂ ਵੀ ਕਾਫ਼ੀ ਹੱਦ ਤੱਕ ਤੰਦਰੁਸਤ ਰਹਿ ਸਕਦੇ ਹਾਂ। ਗੁਰਦਿਆਂ ਦਾ ਮੁੱਖ ਕੰਮ ਖ਼ੂਨ ਸਾਫ਼ ਕਰਨਾ, ਖ਼ੂਨ ਦੇ ਜ਼ਹਿਰੀਲੇ ਤੱਤਾਂ ਨੂੰ ਸਰੀਰ ਤੋਂ ਬਾਹਰ ਕੱਢਣਾ ਅਤੇ ਬੇਲੋੜੇ ਪਾਣੀ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਣਾ ਹੈ। ਇਸ ਲਈ ਇਸ ਦਾ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਅਕਸਰ ਕਿਡਨੀ ਦੇ ਖ਼ਰਾਬ ਹੋਣ ਦਾ ਉਦੋਂ ਪਤਾ ਲਗਦਾ ਹੈ ਜਦੋਂ ਉਹ 60 ਤੋਂ 65 ਫ਼ੀਸਦੀ ਤੱਕ ਖ਼ਰਾਬ ਹੋ ਜਾਂਦਾ ਹੈ।

**ਲੱਛਣ**—ਸਾਹ ਫੁੱਲਣਾ, ਹੱਥਾਂ-ਪੈਰਾਂ ਅਤੇ ਅੱਖਾਂ ਹੇਠ ਸੋਜਿਸ਼ ਰਹਿਣਾ, ਵਾਰ-ਵਾਰ ਪਿਸ਼ਾਬ ਆਉਣਾ, ਥਕਾਵਟ ਰਹਿਣੀ, ਖ਼ੂਨ ਦੀ ਕਮੀ ਨਾਲ ਸਰੀਰ ਪੀਲਾ ਪੈਣਾ, ਸਰੀਰ ਵਿਚ ਕਾਰਿਸ਼ ਹੋਣਾ, ਜੀਅ ਮਚਲਣਾ, ਪੈਰਾਂ ਦੀਆਂ ਪਿੰਡਲੀਆਂ ਵਿਚ ਖਿਚਾਅ ਰਹਿਣਾ ਆਦਿ। ਜੇ ਇਹ ਲੱਛਮ ਦਿਖਾਈ ਦਿੰਦੇ ਹਨ ਤਾਂ ਡਾਕਟਰ ਤੋਂ ਜ਼ਰੂਰ ਜਾਂਚ ਕਰਾਓ। ਜਿਨ੍ਹਾਂ ਲੋਕਾਂ ਨੂੰ ਵੱਧ ਖ਼ੂਨ ਦਾ ਦਬਾਅ, ਸ਼ੂਗਰ ਹੋਵੇ, ਉਨ੍ਹਾਂ ਨੂੰ ਲਗਾਤਾਰ ਖ਼ੂਨ ਅਤੇ ਪਿਸ਼ਾਬ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।

**ਬਚਾਅ**—ਭੋਜਨ ਵਿਚ ਨਮਕ, ਸੋਡੀਅਮ ਅਤੇ ਪ੍ਰੋਟੀਨ ਦੀ ਘੱਟ ਵਰਤੋਂ ਕਰੋ। 35 ਸਾਲ ਦੀ ਉਮਰ ਹੋਣ 'ਤੇ ਖ਼ੂਨ ਦਾ ਦਬਾਅ ਅਤੇ ਸ਼ੂਗਰ ਦੀ ਜਾਂਚ ਇਕ ਸਾਲ ਬਾਅਦ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਵਜ਼ਨ ਕਾਬੂ ਵਿਚ ਰੱਖੋ, ਲਗਾਤਾਰ ਕਸਰਤ ਕਰੋ। ਮੈਗਨੀਸ਼ੀਅਮ ਦੀ ਸਰੀਰ ਵਿਚ ਕਮੀ ਨਾ ਹੋਵੇ, ਇਸ ਲਈ ਗੂੜ੍ਹੇ ਰੰਗ ਦੀ ਸਬਜ਼ੀਆਂ ਦੀ ਲਗਾਤਾਰ ਵਰਤੋਂ ਕਰੋ। ਲਾਲ ਅੰਗੂਰ ਲਗਾਤਾਰ ਖਾਓ, ਜੋ ਦਿਲ ਅਤੇ ਗੁਰਦਿਆਂ ਲਈ ਚੰਗਾ ਹੈ। ਪਿਆਜ਼ ਗੁਰਦੇ ਦੀ ਪੱਥਰੀ ਭਾਵ ਕਿਡਨੀ ਸਟੋਨ ਲਈ ਚੰਗਾ ਹੈ। ਬੇਰੀ ਖਾਓ। ਇਸ ਨੂੰ ਮੂਤਰ ਰੋਗ ਲਈ ਚੰਗਾ ਮੰਨਿਆ ਜਾਂਦਾ ਹੈ। ਬੇਰੀ ਵਿਚ ਸਟ੍ਰਾਬੇਰੀ, ਰਸ ਭਰੀ, ਜਾਮੁ ਆਦਿ ਲਓ। ਲਸਣ ਵਿਚ ਐਂਟੀਆਕਸੀਡੈਂਟ ਅਤੇ ਐਂਟੀ ਕਲਾਟਿੰਗ ਤੱਤ ਹਣ ਕਾਰਨ ਦਿਲ ਲਈ ਬਹੁਤ ਚੰਗਾ ਹੈ ਅਤੇ ਸਰੀਰ ਵਿਚ ਖਰਾਬ ਕੋਲੈਸਟ੍ਰੋਲ ਨੂੰ ਘਟਾਉਂਦਾ ਹੈ, ਸਰੀਰ ਵਿਚ ਸੋਜਿਸ਼ ਨੂੰ ਵੀ ਘੱਟ ਕਰਨ ਵਿਚ ਮਦਦ ਕਰਦਾ ਹੈ। ਭੋਜਨ ਵਿਚ ਜੈਤੂਨ ਦੇ ਤੇਲ ਦੀ ਵਰਤੋਂ ਕਰੋ ਜੋ ਕਿਡਨੀ ਨੂੰ ਤੰਦਰੁਸਤ ਰੱਖਣ ਵਿਚ ਸਹਾਇਕ ਹੁੰਦਾ ਹੈ। ਮੱਛੀ ਵਿਚ ਓਮੇਗਾ 3 ਫੈਟੀ ਐਸਿਡ ਹੋਣ ਕਾਰਨ ਕਿਡਨੀ ਤੰਦਰੁਸਤ ਰਹਿੰਦੀ ਹੈ। ਆਂਡੇ ਦੀ ਸਫ਼ੈਦੀ ਖਾਓ, ਇਹ ਵੀ ਕਿਡਨੀ ਨੂੰ ਤੰਦਰੁਸਤ ਰਹਿਣ ਵਿਚ ਮਦਦ ਕਰਦੀ ਹੈ। ਕਿਡਨੀ ਖ਼ਰਾਬ ਹੋਣ 'ਤੇ ਤਰਲ ਪਦਾਰਥ ਘੱਟ ਪੀਓ। ਗਰਮੀਆਂ ਵਿਚ ਬਰਫ਼ ਦੀ ਇਕ ਟੁਕੜੀ ਮੂੰਹ ਵਿਚ ਘੁਮਾਓ ਅਤੇ ਸੁੱਟ ਦਿਓ। ਗਰਮੀਆਂ ਵਿਚ ਠੰਢੇ ਪਾਣੀ ਵਿਚ ਰੁਮਾਲ ਭਿਉਂ ਕੇ ਗਰਦਨ 'ਤੇ ਰੱਖੋ। ਪਿਆਸ ਘੱਟ ਲੱਗੇਗੀ। ਸਬਜ਼ੀਆਂ ਦੀ ਕਰੀ ਦੀ ਵਰਤੋਂ ਘੱਟ ਤੋਂ ਘੱਟ ਕਰੋ। ਪਾਣੀ ਛੋਟੇ ਕੱਪ ਵਿਚ ਪੀਓ।

# ਹੱਥਾਂ ਨੂੰ ਬਣਾਓ ਮੁਲਾਇਮ ਤੇ ਖ਼ੂਬਸੂਰਤ







ਵੀਰਪਾਲ ਸ਼ਰਮਾ ਮਮਤਾ ਗੁਪਤਾ

ਸਕ੍ਰਬ ਚਮੜੀ ਦੀ ਡੈੱਡ ਸਕਿਨ ਨੂੰ ਹਟਾਉਣ ਦਾ ਕੰਮ ਕਰਦਾ ਹੈ। ਸਕ੍ਰਬ ਤੁਹਾਡੀ ਚਮੜੀ ਨੂੰ ਮੁਲਾਇਮ ਬਣਾਉਣ 'ਚ ਮਦਦ ਕਰਦੇ ਹਨ। ਹੱਥਾਂ ਲਈ ਤੁਸੀਂ ਕਿਹੜੇ ਹੋਮਮੇਡ ਸਕ੍ਰਬ ਦੀ ਵਰਤੋਂ ਕਰ ਸਕਦੇ ਹੋ, ਇੱਥੇ ਜਾਣੋ। ਹੱਥਾਂ 'ਤੇ ਜੰਮੀ ਗੰਦਗੀ ਸਾਡੀ ਖ਼ੂਬਸੂਰਤੀ ਨੂੰ ਗੰਦਾ ਕਰ ਦਿੰਦੀ ਹੈ। ਇਸੇ ਤਰ੍ਹਾਂ ਚਮੜੀ ਨੂੰ ਐਕਫੋਲਿਏਟ ਕਰਨ ਲਈ ਤੁਸੀਂ ਕਈ ਤਰ੍ਹਾਂ ਦੇ ਹੋਮਮੇਡ ਸਕ੍ਰਬ ਦਾ ਇਸਤੇਮਾਲ ਵੀ ਕਰ ਸਕਦੇ ਹੋ। ਇਹ ਚਮੜੀ ਦੀ ਗੰਦਗੀ ਨੂੰ ਦੂਰ ਕਰਨ 'ਚ ਮਦਦ ਕਰਨਗੇ। ਇਹ ਡੈੱਡ ਸਕਿਨ ਨੂੰ ਹਟਾਉਣ 'ਚ ਕੰਮ ਕਰਨਗੇ। ਇਸ ਨਾਲ ਤੁਹਾਡੀ ਚਮੜੀ ਮੁਲਾਇਮ ਅਤੇ ਹਾਈਡਰੇਟ ਰਹੇਗੀ। ਤੁਸੀਂ ਘਰ 'ਚ ਹੈਂਡ ਸਕ੍ਰਬ ਕਿਵੇਂ ਬਣਾ ਸਕਦੇ ਹੋ।

**ਖੰਡ ਅਤੇ ਐਲੋਵੇਰਾ ਹੈਂਡ ਸਕ੍ਰਬ**

ਇਕ ਬਾਊਲ 'ਚ 1 ਤੋਂ 2 ਚਮਚ ਖੰਡ ਲਓ। ਇਸ 'ਚ ਐਲੋਵੇਰਾ ਪਾਣੀ ਮਿਲਾਓ। ਇਨ੍ਹਾਂ ਦੋਵਾਂ ਨੂੰ ਚੰਗੀ ਤਰ੍ਹਾਂ ਮਿਲਾ ਕੇ ਹੱਥਾਂ 'ਤੇ ਲਗਾਓ। ਇਸ ਨਾਲ ਸਰਕੁਲਰ ਮੋਸ਼ਨ 'ਚ ਮਸਾਜ ਕਰੋ। ਇਸ ਨੂੰ 5 ਤੋਂ 10 ਮਿੰਟਾਂ ਤੱਕ ਲੱਗਾ ਰਹਿਣ ਦਿਓ। ਤੁਸੀਂ ਹਫ਼ਤੇ 'ਚ 1 ਤੋਂ 2 ਵਾਰ ਇਸ ਹੋਮਮੇਡ ਸਕ੍ਰਬ ਦਾ ਇਸਤੇਮਾਲ ਕਰ ਸਕਦੇ ਹੋ।

**ਸ਼ਹਿਦ ਅਤੇ ਖੰਡ ਦਾ ਹੈਂਡ ਸਕ੍ਰਬ**

ਇਕ ਬਾਊਲ 'ਚ ਖੰਡ ਅਤੇ ਸ਼ਹਿਦ ਲਓ। ਇਸ 'ਚ ਨੰਬੂ ਦਾ ਰਸ ਮਿਲਾਓ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਕਸਾਰ ਮਿਲਾ ਲਓ। ਹੁਣ ਇਸ ਦੇ ਨਾਲ ਹੱਥਾਂ ਦੀ ਮਸਾਜ ਕਰੋ। ਇਸ ਨੂੰ ਕੁਝ ਦੇਰ ਲਈ ਲੱਗਾ ਰਹਿਣ ਦਿਓ। ਇਸ ਤੋਂ ਬਾਅਦ ਚਮੜੀ ਨੂੰ ਸਾਦੇ ਪਾਣੀ ਨਾਲ ਧੋ ਲਵੋ। ਇਹ ਚਮੜੀ ਨੂੰ ਮੁਲਾਇਮ ਬਣਾਉਣ 'ਚ ਮਦਦ ਕਰੇਗਾ। ਤੁਸੀਂ ਹਫ਼ਤੇ 'ਚ 1 ਤੋਂ 2 ਵਾਰ ਇਸ ਦਾ ਇਸਤੇਮਾਲ ਕਰ ਸਕਦੇ ਹੋ।



# ਤੰਦਰੁਸਤ ਰਹਿਣ ਲਈ ਜ਼ਰੂਰੀ ਹੈ 'ਗੂੜ੍ਹੀ ਨੀਂਦ'





ਡਾ: ਜਸਵੰਤ ਸਿੰਘ ਭੰਡਾਲ

ਅੱਜਕੱਲ੍ਹ ਦੀ ਭੱਜ-ਦੌੜ ਭਰੀ ਜ਼ਿੰਦਗੀ 'ਚ ਕਿਸੇ ਦੇ ਕੋਲ ਆਰਾਮ ਕਰਨ ਦਾ ਸਮਾਂ ਨਹੀਂ ਹੈ। ਹਰ ਕੋਈ ਆਪਣੇ ਕੰਮ ਨੂੰ ਜਲਦੀ ਤੋਂ ਜਲਦੀ ਅਤੇ ਸਮੇਂ ਸਿਰ ਨਿਪਟਾਉਣਾ ਚਾਹੁੰਦਾ ਹੈ। ਕਿਸੇ ਨੂੰ ਬੌਸ ਦੇ ਸਾਹਮਣੇ ਬੇਇੱਜ਼ਤੀ ਦੀ ਟੈਨਸ਼ਨ, ਕਿਸੇ ਨੂੰ ਓਵਰਟਾਈਮ ਲਗਾ ਕੇ ਜ਼ਿਆਦਾ ਪੈਸੇ ਕਮਾਉਣ ਦੀ ਚਾਹਤ ਪਰ ਅਸੀਂ ਇਹ ਨਹੀਂ ਸੋਚਦੇ ਕਿ ਦਿਮਾਗ 'ਤੇ ਸਟ੍ਰੈੱਸ ਅਤੇ ਟੈਨਸ਼ਨ ਨਾਲ ਕੰਮ ਵਿਗੜਦੇ ਹਨ ਸੰਵਰਦੇ ਨਹੀਂ। ਜ਼ਿਆਦਾ ਪੈਸੇ ਤਾਂ ਕਮਾ ਲਵਾਂਗੇ ਪਰ ਉਸ ਦੇ ਬਦਲੇ ਆਪਸੀ ਸਿਹਤ ਨੂੰ ਖਰਾਬਪ ਕਰ ਲੈਂਦੇ ਹਾਂ। ਨੀਂਦ ਦੀ ਕਮੀ ਤੰਦਰੁਸਤੀ ਅਤੇ ਕੰਮਕਾਜੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕਦੇ-ਕਦੇ ਲੋਕ ਸੋਚ ਲੈਂਦੇ ਹਨ ਕਿ ਜਿੰਨੀ ਨੀਂਦ ਉਹ ਲੈ ਰਹੇ ਹਨ, ਉਹ ਲੋੜੀਂਦੀ ਹੈ ਪਰ ਇਹ ਸਮਝਣਾ ਜ਼ਰੂਰੀ ਹੈ ਕਿ ਲੋੜੀਂਦੀ ਨੀਂਦ ਲੈਣ ਦੇ ਨਾਲ ਉਸ ਨੂੰ ਰੈਗੂਲਰ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ। ਇਸ ਦੇ ਨਾਲ ਨੀਂਦ ਚੰਗੀ ਗੁਣਵੱਤਾ ਦੀ ਹੋਵੇ ਤਾਂ ਇਸ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ। ਹਾਲਾਂਕਿ ਨੀਂਦ ਦੀ ਗੁਣਵੱਤਾ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਪਰ ਕਿੰਨਾ ਜਲਦੀ ਅਸੀਂ ਸੌਂਦੇ ਹਾਂ, ਕਿੰਨੀ ਵਾਰ ਸਾਡੀ ਰਾਤ ਦੀ ਨੀਂਦ ਟੁੱਟਦੀ ਹੈ, ਇਸ ਤਰ੍ਹਾਂ ਦੀਆਂ ਕਈ ਗੱਲਾਂ 'ਤੇ ਨੀਂਦ ਦੀ ਗੁਣਵੱਤਾ ਨਿਰਭਰ ਕਰਦੀ ਹੈ। ਡਾਕਟਰਾਂ ਦੇ ਅਨੁਸਾਰ ਨਵਜੰਮੇ ਬੱਚੇ ਨੂੰ ਹਰ ਦਿਨ 14 ਤੋਂ 17 ਘੰਟੇ ਦੀ ਨੀਂਦ ਲੈਣੀ ਚਾਹੀਦੀ ਹੈ, ਜਦਕਿ 4 ਤੋਂ 11 ਮਹੀਨੇ ਦੇ ਬੱਚਿਆਂ ਲਈ 12 ਤੋਂ 15 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਗਈ ਹੈ। ਉਥੇ ਹੀ 1 ਤੋਂ 2 ਸਾਲ ਦੇ ਬੱਚੇ ਲਈ 11 ਤੋਂ 14 ਘੰਟੇ ਦੀ ਨੀਂਦ ਲੈਣ ਦੀ ਸਲਾਹ ਹੈ। ਸਕੂਲ ਜਾਣ ਵਾਲੇ ਬੱਚਿਆਂ ਨੂੰ 6 ਤੋਂ 13 ਘੰਟੇ ਦੀ ਨੀਂਦ ਲੋੜੀਂਦੀ ਹੈ।

**ਉਮਰ ਦੇ ਹਿਸਾਬ ਨਾਲ ਕਿੰਨੀ ਨੀਂਦ**

14 ਤੋਂ 17 ਸਾਲ ਦੇ ਜਵਾਨਾਂ ਲਈ 8 ਤੋਂ 10 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਜਾਂਦੀ ਹੈ ਪਰ 7 ਘੰਟੇ ਤੋਂ ਘੱਟ ਅਤੇ 11 ਘੰਟੇ ਤੋਂ ਵੱਧ ਜਾਵਨਾਂ ਨੂੰ ਨਹੀਂ ਸੌਣਾ ਚਾਹੀਦਾ। 18 ਤੋਂ 25 ਸਾਲ ਦੇ ਨੌਜਵਾਨਾਂ ਲਈ 7 ਤੋਂ 9 ਘੰਟੇ ਦੀ ਨੀਂਦ ਲੋੜੀਂਦੀ ਮੰਨੀ ਗਈ ਹੈ। 26 ਤੋਂ 64 ਸਾਲ ਦੀ ਉਮਰ ਵਰਗ ਦੇ ਲੋਕਾਂ ਲਈ ਇਹ ਮਾਪਦੰਡ ਤੈਅ ਕੀਤਾ ਗਿਆ ਹੈ। 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਵੀ 7 ਤੋਂ 8 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਗਈ ਹੈ।

**ਗੂੜ੍ਹੀ ਨੀਂਦ ਦੇ ਫਾਇਦੇ**

ਵੱਖ-ਵੱਖ ਡਾਕਟਰਾਂ ਦੀ ਮੰਨੀਏ ਤਾਂ ਨੀਂਦ ਦੀ ਕਮੀ ਨਾਲ ਦਿਮਾਗ ਦਾ ਉਹ ਹਿੱਸਾ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਜੋ ਸਾਡੀ ਤਰਕਸ਼ੀਲਤਾ ਨੂੰ ਕੰਟਰੋਲ ਕਰਦਾ ਹੈ। ਨੀਂਦ ਦਾ ਮਤਲਬ ਸਿਰਫ਼ ਮਨ ਅਤੇ ਦਿਮਾਗ ਨੂੰ ਆਰਾਮ ਦੇਣਾ ਨਹੀਂ ਹੁੰਦਾ, ਸਗੋਂ ਜਦੋਂ ਅਸੀਂ ਸੌਂ ਰਹੇ ਹੁੰਦੇ ਹਾਂ ਤਾਂ ਸਾਡਾ ਸਰੀਰ ਕੰਮ ਕਰ ਰਿਹਾ ਹੁੰਦਾ ਹੈ। ਇਸ ਸਮੇਂ ਦੌਰਾਨ ਸਾਡੇ ਸਰੀਰ 'ਚ ਮਾਸਪੇਸ਼ੀਆਂ ਦਾ ਮੁੜ ਨਿਰਮਾਣ ਹੁੰਦਾ ਹੈ। ਇਹ ਅਹਿਮ ਪ੍ਰਕਿਰਿਆ ਹੀ ਹੈ ਜੋ ਸਾਡੇ ਮਨ ਅਤੇ ਸਰੀਰ ਨੂੰ ਠੀਕ ਤਰ੍ਹਾਂ ਚਲਦੇ ਰਹਿਣ ਲਈ ਜ਼ਰੂਰੀ ਹੁੰਦੀ ਰਹਿਣੀ ਚਾਹੀਦੀ ਹੈ। ਸਾਡੇ ਇਮਿਊਨ ਸਿਸਟਮ ਨੂੰ ਸਹੀ ਰੱਖਣ ਅਤੇ ਮੈਟਾਬਾਲਿਜ਼ਮ ਨੂੰ ਸੁਧਾਰਨ ਦੇ ਲਈ ਲੋੜੀਂਦੀ ਨੀਂਦ ਲੈਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਚੰਗੀ ਨੀਂਦ ਸਾਨੂੰ ਮੋਟਾਪਾ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਖਤਰਨਾਕ ਬੀਮਾਰੀਆਂ ਤੋਂ ਦੂਰ ਰੱਖਦੀ ਹੈ ਅਤੇ ਸਾਡੇ ਚਿਹਰੇ ਦੀ ਰੰਗਤ ਦੀ ਵਧਦੀ ਹੈ ਅਤੇ ਅੱਖਾਂ ਦੇ ਡਾਰਕ ਸਰਕਲਸ ਨੂੰ ਵੀ ਇਹ ਘੱਟ ਕਰਦੀ ਹੈ। ਇਹ ਸਾਨੂੰ ਤਣਾਅਮੁਕਤ ਰੱਖਦੀ ਹੈ ਨਾਲ ਹੀ ਸਾਡੇ ਅੰਦਰ ਪੂਰਾ ਦਿਨ ਆਤਮਵਿਸ਼ਵਾਸ ਭਰਿਆ ਰਹਿੰਦਾ ਹੈ, ਜਿਸ ਨਾਲ ਅਸੀਂ ਸਾਰੇ ਕੰਮ ਮਨ ਨਾਲ ਕਰ ਸਕਦੇ ਹਾਂ।

# ਜੀਵਨ 'ਚ ਸੈਕਸ ਦੇ ਫਾਇਦੇ !



ਡਾ: ਅੰਜੂਲਾ ਵਰਮਾ



ਕੀ ਤੁਹਾਨੂੰ ਪਤਾ ਹੈ ਕਿ ਸੈਕਸ ਇਕ ਤਰ੍ਹਾਂ ਦੇ ਸਰੀਰਕ ਕਸਰਤ ਹੈ। ਸੈਕਸ ਦੇ ਦੌਰਾਨ ਇੰਨੀ ਕੈਲੋਰੀ ਖਰਚ ਹੋ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਕੈਲੇਸਟ੍ਰੋਲ ਦੇ ਪੱਧਰ ਵਿਚ ਸੁਧਾਰ ਆਉਂਦਾ ਹੈ ਅਤੇ ਖ਼ੂਨ ਦਾ ਵਹਾਉ ਵਧਦਾ ਹੈ। 30 ਮਿੰਟ ਦੀ ਸੈਕਸ ਕਿਰਿਆ ਦੌਰਾਨ 75 ਕੈਲੋਰੀ ਦੀ ਮਾਤਰਾ ਘੱਟ ਜਾਂਦੀ ਹੈ। ਹਫ਼ਤੇ ਵਿਚ ਤਿੰਨ ਵਾਰ ਨਿਸ਼ਚਿਤ ਰੂਪ ਨਾਲ ਸੈਕਸ ਕਿਰਿਆ ਨਾਲ ਇੰਨੀ ਕੈਲੋਰੀ ਘੱਟ ਜਾਂਦੀ ਹੈ ਜਿੰਨੀ ਕਿ ਤੁਸੀਂ ਇਕ ਹਫ਼ਤਾ ਸੈਰ ਕਰਨ ਨਾਲ ਖ਼ਤਮ ਕਰਦੇ ਹੋ। ਜੇਕਰ ਪੂਾਰ ਸਾਲ ਨਿਸ਼ਚਿਤ ਰੂਪ ਨਾਲ ਸੈਕਸ ਕੀਤਾ ਜਾਵੇ ਤਾਂ ਇਹ 75 ਮੀਲ ਜਾਗਿੰਗ ਦੇ ਬਰਾਬਰ ਹੈ।



• ਸੈਕਸ ਸਾਡੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ ਦੇ ਲਈ ਇਕ ਥੈਰੇਪੀ ਵਾਂਗ ਕਮ ਕਰਦਾ ਹੈ। ਇਸ ਨਾਲ ਰੋਗ ਪ੍ਰਤੀਰੋਧਕ ਸਮਰੱਥਾ ਬਹਰੁਤ ਮਜ਼ਬੂਤ ਹੁੰਦੀ ਹੈ ਅਤੇ ਪਾਚਨ ਕਿਰਿਆ ਠੀਕ ਰਹਿੰਦੀ ਹੈ।

• ਨਿਸ਼ਚਿਤ ਰੂਪ ਨਾਲ ਸੈਕਸ ਕਰਨ ਨਾਲ ਉਮਰ ਵਧਦੀ ਹੈ। ਸਰੀਰ ਦੇ ਅੰਗ ਅਤੇ ਤੰਤੂ ਵਧੀਆ ਢੰਗ ਨਾਲ ਕੰਮ ਕਰਦੇ ਹਨ ਕਿਉਂਕਿ ਸੈਕਸ ਕੋਸ਼ਿਕਾਵਾਂ ਵਿਚ ਆਕਸੀਜਨ ਦੀ ਘਾਟ ਵਿਚ ਵਾਧਾ ਕਰਕੇ ਵਿਭਿੰਨ ਅੰਗਾਂ ਨੂੰ ਸਰੀਰ ਦੇ ਅੰਦਰ ਉਤਸ਼ਾਹਿਤ ਕਰਦਾ ਹੈ। ਹਫ਼ਤੇ ਵਿਚ ਤਿੰਨ ਜਾਂ ਇਸ ਤੋਂ ਜ਼ਿਆਦਾ ਵਾਰ ਸੈਕਸ ਕਰਨ ਨਾਲ ਦਿਲ ਦਾ ਦੌਰਾ ਪੈਣ ਦਾ ਖਤਰਾ ਘੱਟਦਾ ਹੈ।

• ਅਭਿਆਸ ਕਰਨ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੈਕਸ ਸੰਬੰਧ ਨਾਲ ਸਿਰ ਅਤੇ ਜੋੜਾਂ ਦੇ ਦਰਦ ਤੋਂ ਆਰਾਮ ਮਿਲਦਾ ਹੈ। ਚਰਮ ਸੀਮਾ ਤੋਂ ਪਹਿਲਾਂ ਆਕਸੀਟਾਸਿਨ ਹਾਰਮੋਨ ਦਾ ਪੱਧਰ ਆਮ ਪੱਧਰ ਤੋਂ ਪੰਜ ਗੁਣਾ ਵਧ ਜਾਂਦਾ ਹੈ ਜਿਸ ਨਾਲ ਸਿਰ ਦਰਦ, ਮਾਈਗ੍ਰੇਨ ਅਤੇ ਆਰਥਰਾਈਟਿਸ ਦੇ ਦਰਦ ਤੋਂ ਆਰਾਮ ਮਿਲਦਾ ਹੈ। ਦਰਦ ਦੀ ਦਵਾਈ ਖਾਣ ਦੀ ਥਾਂ ਸੈਕਸ ਦਾ ਆਨੰਦ ਲਉ।

• ਜਿਨ੍ਹਾਂ ਇਸਤਰੀਆਂ ਦਜਾ ਸੈਕਸ ਜੀਵਨ ਸੁਖੀ ਹੁੰਦਾ ਹੈ ਉਨ੍ਹਾਂ ਨੂੰ ਮਾਹਵਾਰੀ ਦੇ ਦੌਰਾਨ ਘੱਟ ਦਰਦ ਹੁੰਦਾ ਹੈ। ਇਸ ਨਾਲ ਇਸਤਰੀਆਂ ਨੂੰ ਮਾਹਵਾਰੀ ਤੋਂ ਪਹਿਲਾਂ ਹੋਣ ਵਾਲੇ ਦਰਦ ਤੋਂ ਛੁਟਕਾਰਾ ਮਿਲਦਾ ਹੈ।

• ਸੈਕਸ ਪਤੀ-ਪਤਨੀ ਵਿਚਲੀ ਦੂਰੀ ਤਾਂ ਖ਼ਤਮ ਕਰਦਾ ਹੀ ਹੈ ਇਸਦੇ ਨਾਲ ਹੀ ਮਨ ਵਿਚ ਖ਼ੁਸ਼ੀ ਦਾ ਸੰਚਾਰ ਵੀ ਕਰਦਾ ਹੈ। ਸੈਕਸ ਮਨ ਦੀ ਉਦਾਸੀ ਦੂਰ ਕਰਨ ਲਈ ਬਹੁਤ ਸਹਾਇਤਾ ਕਰਦਾ ਹੈ। ਇਸ ਨਾਲ ਚਿੜਚਿੜਾਪਨ ਦੂਰ ਹੁੰਦਾ ਹੈ ਅਤੇ ਸਾਥੀ ਦਾ ਪਿਆਰ ਮਿਲਣ ਕਾਰਨ ਸੰਬੰਧ ਵੀ ਮਜ਼ਬੂਤ ਹੁੰਦੇ ਹਨ। ਜਿਨ੍ਹਾਂ ਜੋੜਿਆਂ ਦੇ ਸੈਕਸ ਸੰਬੰਧ ਵਧੀਆ ਹੁੰਦੇ ਹਨ ਉਹ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਠੀਕ ਢੰਗ ਨਾਲ ਕਰ ਲੈਂਦੇ ਹਨ।

ਸੈਕਸ ਦੇ ਦੌਰਾਨ ਹਾਰਮੋਨ ਦਾ ਵਹਾਅ ਹੋਣ ਕਾਰਨ ਮਨ ਸ਼ਾਂਤ ਰਹਿੰਦਾ ਹੈ ਅਤੇ ਲਗਾਤਾਰ ਊਰਜਾ ਦਾ ਸੰਚਾਰ ਹੁੰਦਾ ਹੈ। ਨਿਸ਼ਚਿਤ ਰਪ ਨਾਲ ਸੈਕਸ ਸੰਬੰਧ ਬਣਾਉਣ ਨਾਲ ਵਿਅਕਤੀ ਜਵਾਨ ਰਹਿੰਦਾ ਹੈ। ਇਸ ਨਾਲ ਤੰਦਰੁਸਤੀ ਦੇ ਪੱਧਰ ਵਿਚ ਵੀ ਵਾਧਾ ਹੁੰਦਾ ਹੈ। ਵਿਅਕਤੀ ਸਾਰਾ ਦਿਨ ਅੰਦਰੂਨੀ ਚੁਸਤੀ ਮਹਿਸੂਸ ਕਰਦਾ ਹੈ। ਇਸ ਦਾ ਅਸਰ ਵਿਅਕਤੀ ਦੇ ਦਿਨ ਭਰ ਦੇ ਕੰਮ 'ਤੇ ਪੈਂਦਾ ਹੈ। ਸੈਕਸ ਸੰਬੰਧ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਬੀਮਾਰੀ ਤੋਂ ਵੀ ਬੱਚਿਆ ਜਾ ਸਕਦਾ ਹੈ।

## ਰਸੋਈ





ਮੀਨੂੰ ਵਾਲੀਆ
ਸਾਗਰ ਕੰਪਲੈਕਸ, ਨਾਭਾ

# ਦਹੀਂ ਸੈਂਡਵਿਚ ਕਿਵੇਂ ਬਣਾਈਏ ?

**ਸਮੱਗਰੀ**—ਤਾਜ਼ਾ ਬਰੈੱਡ, ਇਕ ਕੱਪ ਦਹੀਂ (ਹੰਗ ਕਰਡ), 1/2 ਚਮਚ ਕਾਲੀ ਮਿਰਚ, 1/4 ਚਮਚ ਨਮਕ ਅਤੇ 1/4 ਚਮਚ ਸਰ੍ਹੋਂ ਦਾ ਤੇਲ। ਅੱਧਾ-ਅੱਧਾ ਕੱਪ ਕੱਟੀਆਂ ਹੋਈਆਂ ਵੱਖ-ਵੱਖ ਸਬਜ਼ੀਆਂ (ਗਾਜਰ, ਸ਼ਿਮਲਾ ਮਿਰਚ, ਮੂਲੀ, ਬੰਦ ਗੋਭੀ ਜਾਂ ਹੋਰ ਕੋਈ ਵੀ), 1/4 ਕੱਪ ਉੱਬਲੇ ਹੋਏ ਮਿੱਠੇ ਮਕੀ ਦੇ ਦਾਣੇ, ਇਕ ਹਰੀ ਮਿਰਚ (ਬਰੀਕ ਕੱਟੀ ਹੋਈ), 2 ਵੱਡੇ ਚਮਚ ਬਰੀਕ ਕੱਟਿਆ ਹੋਇਆ ਧਨੀਆ, ਇਕ ਲਸਣ ਦੀ ਕਲੀ, ਥੋੜ੍ਹਾ ਜਿਹਾ ਲਾਲ ਮਿਰਚ ਪਾਊਡਰ।

**ਸਮੱਗਰੀ ਦੀ ਤਿਆਰੀ**—ਸਭ ਤੋਂ ਪਹਿਲਾਂ 'ਹੰਗ ਕਰਡ' ਤਿਆਰ ਕਰਨ ਲਈ ਤਾਜ਼ਾ ਜਮਾਏ ਦਹੀਂ ਨੂੰ ਮਲਮਲ ਦੇ ਕੱਪੜੇ 'ਚ ਪਾ ਕੇ ਉਸ ਨੂੰ ਲਟਕਾ ਦਿਓ ਤਾਂ ਕਿ ਉਸ ਵਿਚੋਂ ਵੱਧ ਤੋਂ ਵੱਧ ਪਾਣੀ ਨਿਕਲ ਜਾਵੇ। ਤੁਸੀਂ ਇਸ ਨੂੰ ਖ਼ੁਦ ਵੀ ਹੌਲੀ-ਹੌਲੀ ਨਿਚੋੜ ਸਕਦੇ ਹੋ। ਤੁਸੀਂ ਇਸ ਦਹੀਂ ਨੂੰ ਇਕ ਰਾਤ ਲਈ ਫਰਿੱਜ 'ਚ ਵੀ ਰੱਖ ਸਕਦੇ ਹੋ। ਇਸ 'ਤੇ ਬਾਅਦ ਇਸ ਦਹੀਂ 'ਚ ਵਾਰੀ-ਵਾਰੀ ਉਕਤ ਦੱਸੀ ਗਈ ਸਮੱਗਰੀ ਨੂੰ ਪਾ ਦਿਓ ਅਤੇ ਚੰਗੀ ਤਰ੍ਹਾਂ ਰਲਾ ਲਿਓ। ਜੇਕਰ ਤੁਸੀਂ ਸਰ੍ਹੋਂ ਦੇ ਤੇਲ ਦੀ ਥਾਂ ਕੋਈ ਹੋਰ ਜੈਵਿਕ ਤੇਲ ਵਰਤਣਾ ਚਾਹੁੰਦੇ ਹੋ ਤਾਂ ਤੁਸੀਂ ਓਲਿਵ ਆਇਲ ਵੀ ਵਰਤ ਸਕਦੇ ਹੋ। ਤੁਸੀਂ ਸਵਾਦ ਅਨੁਸਾਰ ਹੋਰ ਦਹੀਂ, ਸਬਜ਼ੀਆਂ ਜਾਂ ਮਿਰਚ ਪਾ ਸਕਦੇ ਹੋ।

**ਬਣਾਉਣ ਦੀ ਵਿਧੀ**—ਦਹੀਂ ਸੈਂਡਵਿਚ ਬਣਾਉਣ ਲਈ ਬਰੈੱਡ ਦੇ ਦੋ ਪੀਸ ਲਓ, ਉਨ੍ਹਾਂ 'ਤੇ ਥੋੜ੍ਹਾ-ਥੋੜ੍ਹਾ ਘਿਓ ਲਗਾ ਕੇ ਤਵੇ 'ਤੇ ਸੇਕ ਲਓ। ਹੁਣ ਬਰੈੱਡ ਨੂੰ ਦੂਜੇ ਪਾਸੇ ਤੋਂ ਵੀ ਸੇਕ ਲਵਾ ਲਓ। ਬਰੈੱਡ ਨੂੰ ਉਦੋਂ ਤੱਕ ਸੇਕੋ ਜਦੋਂ ਤੱਕ ਉਹ ਸੁਨਹਿਰੀ ਰੰਗ ਦੇ ਨਾ ਹੋ ਜਾਣ, ਇਸ ਗੱਲ ਦਾ ਧਿਆਨ ਰੱਖੋ ਕਿ ਜ਼ਿਆਦਾ ਸੇਕ ਨਾਲ ਬਰੈੱਡ ਕਾਲਾ ਵੀ ਹੋ ਸਕਦਾ ਹੈ। ਬਰੈੱਡ ਤਿਆਰ ਹੋਣ ਤੋਂ ਬਾਅਦ ਇਸ ਨੂੰ ਥੋੜ੍ਹਾ ਠੰਢਾ ਹੋਣ ਦਿਓ। ਫਿਰ ਤੁਹਾਡੇ ਵੱਲੋਂ ਉਕਤ ਤਿਆਰ ਕੀਤੀ ਸਮੱਗਰੀ ਨੂੰ ਇਕ ਬਰੈੱਡ ਦੇ ਉੱਪਰ ਲਗਾਓ ਅਤੇ ਦੂਜਾ ਪੀਸ ਉਸ ਦੇ ਉੱਪਰ ਟਿਕਾ ਦਿਓ। ਬਰੈੱਡ ਪੀਸ ਨੂੰ ਤਿਰਸ਼ੇ ਰੁਖ ਕੱਟੋ ਅਤੇ ਪਰੋਸੋ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9'', ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਣਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡਿਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੁਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, ਭਡੀਠ ਤੋਂ 2 ਓਅਸ਼ੀਠ ਧੀਫਲੌਂਅ੍ਹ ਲਦਦਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੂਏਚਣਣਟ ਫਓਟੋ ਅਨਦ ਬਿਓਦਅਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ। Contact: 604-897-1298,
Whatsapp Number: 99-156-52029

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ। ਹੋਰ ਜਾਣਕਾਰੀ ਲਈ ਕਾਲ- 604-339-2389




# ਤੰਦਰੁਸਤ ਰਹਿਣ ਲਈ ਜ਼ਰੂਰੀ ਹੈ 'ਗੂੜ੍ਹੀ ਨੀਂਦ'

ਡਾ. ਭੰਡਾਲ

ਅੱਜਕੱਲ੍ਹ ਦੀ ਭੱਜ-ਦੌੜ ਭਰੀ ਜ਼ਿੰਦਗੀ 'ਚ ਕਿਸੇ ਦੇ ਕੋਲ ਆਰਾਮ ਕਰਨ ਦਾ ਸਮਾਂ ਨਹੀਂ ਹੈ। ਹਰ ਕੋਈ ਆਪਣੇ ਕੰਮ ਨੂੰ ਜਲਦੀ ਤੋਂ ਜਲਦੀ ਅਤੇ ਸਮੇਂ ਸਿਰ ਨਿਪਟਾਉਣਾ ਚਾਹੁੰਦਾ ਹੈ। ਕਿਸੇ



ਨੂੰ ਬੌਸ ਦੇ ਸਾਹਮਣੇ ਬੇਇੱਜ਼ਤੀ ਦੀ ਟੈਨਸ਼ਨ, ਕਿਸੇ ਨੂੰ ਓਵਰਟਾਈਮ ਲਗਾ ਕੇ ਜ਼ਿਆਦਾ ਪੈਸੇ ਕਮਾਉਣ ਦੀ ਚਾਹਤ ਪਰ ਅਸੀਂ ਇਹ ਨਹੀਂ ਸੋਚਦੇ ਕਿ ਦਿਮਾਗ 'ਤੇ ਸਟ੍ਰੈੱਸ ਅਤੇ ਟੈਨਸ਼ਨ ਨਾਲ ਕੰਮ ਵਿਗੜਦੇ ਹਨ ਸੰਵਰਦੇ ਨਹੀਂ। ਜ਼ਿਆਦਾ ਪੈਸੇ ਤਾਂ ਕਮਾ ਲਵਾਂਗੇ ਪਰ ਉਸ ਦੇ ਬਦਲੇ ਆਪਸੀ ਸਿਹਤ ਨੂੰ ਖਰਾਬਪ ਕਰ ਲੈਂਦੇ ਹਾਂ। ਨੀਂਦ ਦੀ ਕਮੀ ਤੰਦਰੁਸਤੀ ਅਤੇ ਕੰਮਕਾਜੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕਦੇ-ਕਦੇ ਲੋਕ ਸੋਚ ਲੈਂਦੇ ਹਨ ਕਿ ਜਿੰਨੀ ਨੀਂਦ ਉਹ ਲੈ ਰਹੇ ਹਨ, ਉਹ ਲੋੜੀਂਦੀ ਹੈ ਪਰ ਇਹ ਸਮਝਣਾ ਜ਼ਰੂਰੀ ਹੈ ਕਿ ਲੋੜੀਂਦੀ ਨੀਂਦ ਲੈਣ ਦੇ ਨਾਲ ਉਸ ਨੂੰ ਰੈਗੂਲਰ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ। ਇਸ ਦੇ ਨਾਲ ਨੀਂਦ ਚੰਗੀ ਗੁਣਵੱਤਾ ਦੀ ਹੋਵੇ ਤਾਂ ਇਸ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ। ਹਾਲਾਂਕਿ ਨੀਂਦ ਦੀ ਗੁਣਵੱਤਾ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਪਰ ਕਿੰਨਾ ਜਲਦੀ ਅਸੀਂ ਸੌਂਦੇ ਹਾਂ, ਕਿੰਨੀ ਵਾਰ ਸਾਡੀ ਰਾਤ ਦੀ ਨੀਂਦ ਟੁੱਟਦੀ ਹੈ, ਇਸ ਤਰ੍ਹਾਂ ਦੀਆਂ ਕਈ ਗੱਲਾਂ 'ਤੇ ਨੀਂਦ ਦੀ ਗੁਣਵੱਤਾ ਨਿਰਭਰ ਕਰਦੀ ਹੈ। ਡਾਕਟਰਾਂ ਦੇ ਅਨੁਸਾਰ ਨਵਜੰਮੇ ਬੱਚੇ ਨੂੰ ਹਰ ਦਿਨ 14 ਤੋਂ 17 ਘੰਟੇ ਦੀ ਨੀਂਦ ਲੈਣੀ ਚਾਹੀਦੀ ਹੈ, ਜਦਕਿ 4 ਤੋਂ 11 ਮਹੀਨੇ ਦੇੱ ਬੱਚਿਆਂ ਲਈ 12 ਤੋਂ 15 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਗਈ ਹੈ। ਉਥੇ ਹੀ 1 ਤੋਂ 2 ਸਾਲ ਦੇ ਬੱਚੇ ਲਈ 11 ਤੋਂ 14 ਘੰਟੇ ਦੀ ਨੀਂਦ ਲੈਣ ਦੀ ਸਲਾਹ ਹੈ। ਸਕੂਲ ਜਾਣ ਵਾਲੇ ਬੱਚਿਆਂ ਨੂੰ 6 ਤੋਂ 13 ਘੰਟੇ ਦੀ ਨੀਂਦ ਲੋੜੀਂਦੀ ਹੈ।

## ਉਮਰ ਦੇ ਹਿਸਾਬ ਨਾਲ ਕਿੰਨੀ ਨੀਂਦ

14 ਤੋਂ 17 ਸਾਲ ਦੇ ਜਵਾਨਾਂ ਲਈ 8 ਤੋਂ 10 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਜਾਂਦੀ ਹੈ ਪਰ 7 ਘੰਟੇ ਤੋਂ ਘੱਟ ਅਤੇ 11 ਘੰਟੇ ਤੋਂ ਵੱਧ ਜਾਵਨਾਂ ਨੂੰ ਨਹੀਂ ਸੌਣਾ ਚਾਹੀਦਾ। 18 ਤੋਂ 25 ਸਾਲ ਦੇ ਨੌਜਵਾਨਾਂ ਲਈ 7 ਤੋਂ 9 ਘੰਟੇ ਦੀ ਨੀਂਦ ਲੋਡੀਂਦੀ ਮੰਨੀ ਗਈ ਹੈ। 26 ਤੋਂ 64 ਸਾਲ ਦੀ ਉਮਰ ਵਰਗ ਦੇ ਲੋਕਾਂ ਲਈ ਇਹ ਮਾਪਦੰਡ ਤੈਅ ਕੀਤਾ ਗਿਆ ਹੈ। 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਵੀ 7 ਤੋਂ 8 ਘੰਟੇ ਦੀ ਨੀਂਦ ਦੀ ਸਲਾਹ ਦਿੱਤੀ ਗਈ ਹੈ।

## ਗੂੜ੍ਹੀ ਨੀਂਦ ਦੇ ਫਾਇਦੇ

ਵੱਖ-ਵੱਖ ਡਾਕਟਰਾਂ ਦੀ ਮੰਨੀਏ ਤਾਂ ਨੀਂਦ ਦੀ ਕਮੀ ਨਾਲ ਦਿਮਾਗ ਦਾ ਉਹ ਹਿੱਸਾ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਜੋ ਸਾਡੀ ਤਰਕਸ਼ੀਲਤਾ ਨੂੰ ਕੰਟਰੋਲ ਕਰਦਾ ਹੈ। ਨੀਂਦ ਦਾ ਮਤਲਬ ਸਿਰਫ਼ ਮਨ ਅਤੇ ਦਿਮਾਗ ਨੂੰ ਆਰਾਮ ਦੇਣਾ ਨਹੀਂ ਹੁੰਦਾ, ਸਗੋਂ ਜਦੋਂ ਅਸੀਂ ਸੌਂ ਰਹੇ ਹੁੰਦੇ ਹਾਂ ਤਾਂ ਸਾਡਾ ਸਰੀਰ ਕੰਮ ਕਰ ਰਿਹਾ ਹੁੰਦਾ ਹੈ। ਇਸ ਸਮੇਂ ਦੌਰਾਨ ਸਾਡੇ ਸਰੀਰ 'ਚ ਮਾਸਪੇਸ਼ੀਆਂ ਦਾ ਮੁੜ ਨਿਰਮਾਣ ਹੁੰਦਾ ਹੈ। ਇਹ ਅਹਿਮ ਪ੍ਰਕਿਰਿਆ ਹੀ ਹੈ ਜੋ ਸਾਡੇ ਮਨ ਅਤੇ ਸਰੀਰ ਨੂੰ ਠੀਕ ਤਰ੍ਹਾਂ ਚਲਦੇ ਰਹਿਣ ਲਈ ਜ਼ਰੂਰੀ ਹੁੰਦੀ ਰਹਿਣੀ ਚਾਹੀਦੀ ਹੈ। ਸਾਡੇ ਇਮਿਊਨ ਸਿਸਟਮ ਨੂੰ ਸਹੀ ਰੱਖਣ ਅਤੇ ਮੈਟਾਬਾਲਿਜ਼ਮ ਨੂੰ ਸੁਧਾਰਨ ਦੇ ਲਈ ਲੋੜੀਂਦੀ ਨੀਂਦ ਲੈਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਚੰਗੀ ਨੀਂਦ ਸਾਨੂੰ ਮੋਟਾਪਾ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਖਤਰਨਾਕ ਬੀਮਾਰੀਆਂ ਤੋਂ ਦੂਰ ਰੱਖਦੀ ਹੈ ਅਤੇ ਸਾਡੇ ਚਿਹਰੇ ਦੀ ਰੰਗਤ ਦੀ ਵਧਦੀ ਹੈ ਅਤੇ ਅੱਖਾਂ ਦੇ ਡਾਰਕ ਸਰਕਲਸ ਨੂੰ ਵੀ ਇਹ ਘੱਟ ਕਰਦੀ ਹੈ। ਇਹ ਸਾਨੂੰ ਤਣਾਅਮੁਕਤ ਰੱਖਦੀ ਹੈ ਨਾਲ ਹੀ ਸਾਡੇ ਅੰਦਰ ਪੂਰਾ ਦਿਨ ਆਤਮਵਿਸ਼ਵਾਸ ਭਰਿਆ ਰਹਿੰਦਾ ਹੈ, ਜਿਸ ਨਾਲ ਅਸੀਂ ਸਾਰੇ ਕੰਮ ਮਨ ਨਾਲ ਕਰ ਸਕਦੇ ਹਾਂ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial
Gurvinder Sanghera: 604-729-1435
Email: gsanghera77@gmail.com

# ਭਾਰਤ ਰਤਨ ਡਾ: ਅੰਬੇਡਕਰ ਦਾ ਜੀਵਨ ਅਤੇ ਮਿਸ਼ਨ

ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਭੀਮਾ ਬਾਈ ਦੀ ਕੁੱਖ ਤੋਂ ਮਹੂ (1891 ਵਿੱਚ ਰਿਆਸਤ ਦੀ ਛਾਉਣੀ ਸੀ) ਵਿਖੇ ਹੋਇਆ। ਇਸ ਸਮੇਂ ਮਹੂ ਮੱਧ ਪ੍ਰਦੇਸ਼ ਦੇ ਜਿਲ੍ਹਾ ਇੰਦੌਰ ਦਾ ਹਿੱਸਾ ਹੈ। ਮਿਤੀ 14 ਅਪ੍ਰੈਲ, 1891 ਨੂੰ ਹੋਇਆ। ਭੀਮ ਰਾਓ ਆਪਣੇ ਮਾਪਿਆਂ ਦੇ ਚੌਧਵੇਂ ਬੱਚੇ ਸਨ। ਉਹ ਵੱਡੇ ਹੋ ਕੇ ਕਦੀਂ ਕਦਾਈਂ ਕਿਹਾ ਵੀ ਕਰਦੇ ਸਨ, ਕਿ ਮੈਂ ਆਪਣੇ ਮਾਪਿਆਂ ਦਾ ਚੌਧਵਾਂ ਰਤਨ ਹਾਂ। ਉਨਾਂ ਸਾਰੇ ਬੱਚਿਆ ਵਿੱਚੋਂ ਕੇਵਲ ਪੰਜ ਜੀਵਤ ਰਹੇ- ਬਾਲਾ ਰਾਮ, ਅਨੰਦ ਰਾਓ, ਮੰਜੂਲਾ, ਤੁਲਸੀ ਅਤੇ ਭੀਮ। ਬਾਲਾ ਰਾਮ ਦੀ ਸ਼ਾਦੀ ਹੋ ਗਈ ਸੀ। ਉਹ ਨੌਕਰੀ ਕਰਦੇ ਸਨ ਅਤੇ ਪਰਿਵਾਰ ਤੋਂ ਅਲੱਗ ਰਹਿੰਦੇ ਸਨ। ਮੰਜੂਲਾ ਅਤੇ ਤੁਲਸੀ ਦੀ ਵੀ ਸ਼ਾਦੀ ਹੋ ਚੁੱਕੀ ਸੀ। ਉਹ ਦੋਨੋਂ ਆਪਣੇ ਸਹੁਰੇ ਘਰ ਵਿੱਚ ਰਹਿੰਦੀਆਂ ਸਨ। ਇਸ ਤਰਾਂ ਘਰ ਵਿਚ ਸਭ ਤੋਂ ਛੋਟੇ ਬੱਚੇ ਹੋਣ ਕਾਰਨ ਭੀਮ ਨੂੰ ਹਰ ਕੋਈ ਪਿਆਰ ਤੇ ਲਾਡ ਕਰਦਾ ਸੀ। ਪੰਜ ਸਾਲਾ ਦੀ ਉਮਰ ਵਿੱਚ ਭੀਮ ਨੇ ਆਪਣੇ ਵੱਡੇ ਭਾਈ ਅਨੰਦ ਰਾਓ ਸਮੇਤ ਕੈਂਪ ਸਕੂਲ ਵਿੱਚ ਸਤਾਰਾਂ ਵਿਖੇ ਵਿੱਦਿਆ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਭੀਮ ਦੀ ਮਾਤਾ ਜੀ ਬਿਮਾਰੀ ਤੋਂ ਬਾਅਦ ਚਲਾਣਾ ਕਰ ਗਏ। ਇਹ ਭੀਮ ਜੀ ਅਤੇ ਉਨ੍ਹਾਂ ਦੇ ਪਰਿਵਾਰ ਲਈ ਬਹੁਤ ਹੀ ਦੁਖਦਾਈ ਘਟਨਾ ਸੀ। ਭੀਮ ਦੀ ਮੌਤ ਤੋਂ ਬਾਅਦ ਪੂਰਾ ਪਰਿਵਾਰ ਅਨਾਥ ਜਿਹਾ ਹੋ ਗਿਆ। ਭੀਮ ਨੂੰ ਵੀ ਆਪਣੀ ਮਾਂ ਦੀ ਬੇ-ਵਕਤ ਮੌਤ ਦਾ ਬਹੁਤ ਸਦਮਾ ਪੁੱਜਿਆ।

ਲਗਭਗ ਇੱਕ ਸਦੀ ਪਹਿਲਾਂ ਪੂਰੇ ਦੇਸ਼ ਵਿੱਚ ਛੂਆ-ਛਾਤ ਬਹੁਤ ਹੀ ਜੋਰਾਂ ਤੇ ਸੀ। ਸਕੂਲੀ ਸਿੱਖਿਆ ਦੌਰਾਨ ਹੀ ਭੀਮ ਜੀ ਨਾਲ ਬੁਰਾ ਸਲੂਕ ਸ਼ੁਰੂ ਹੋ ਗਿਆ ਸੀ। ਨਾਈ ਭੀਮ ਦੀ ਹਜਾਮਤ ਤੱਕ ਨਹੀਂ ਸਨ ਬਣਾਉਂਦੇ। ਉਨ੍ਹਾਂ ਨੂੰ ਸਕੂਲ ਵਿੱਚ ਦੂਸਰੇ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ। ਉਹ ਆਪਣੇ ਬੈਠਣ ਵਾਲਾ ਟਾਟ ਤੱਕ ਘਰੋਂ ਲੈ ਕੇ ਜਾਂਦੇ ਸਨ। ਸਕੂਲ ਵਿੱਚ ਅਗਰ ਪਿਆਸ ਲੱਗੇ ਤਾਂ ਕੋਈ ਸਵਰਨ ਜਾਤੀ ਦਾ ਵਿਦਿਆਰਥੀ ਦੂਰ ਤੋਂ ਭੀਮ ਦੇ ਹੱਥਾਂ ਵਿੱਚ ਪਾਣੀ ਪਾ ਦਿੰਦਾ ਸੀ। ਇੱਕ ਆਮ ਪਿਆਓ ਤੋਂ ਪਾਣੀ ਪੀਣਾ ਨੀਚ ਲੋਕਾਂ ਲਈ ਵਰਜਿਤ ਸੀ। ਬਚਪਨ ਤੋਂ ਹੀ ਭੀਮ ਰਾਓ ਦਾ



ਥਾਂ-ਥਾਂ ਤੇ ਪੈਰ-ਪੈਰ ਤੇ ਅਪਮਾਨ ਹੋਇਆ। ਛੂਆ-ਛਾਤ ਅਤੇ ਸਮਾਜਕ ਨਾ ਬਰਾਬਰੀ ਦੇ ਆਧਾਰ ਤੇ ਹੋਈ ਨਿਰਾਦਰੀ ਵਜੋਂ ਜੋ ਜਖਮ ਭੀਮ ਦੇ ਸੀਨੇ ਤੇ ਲੱਗੇ ਉਹ ਸਾਰੀ ਉਮਰ ਰਿਸਦੇ ਰਹੇ ਅਤੇ ਇਦ ਕਰਕੇ ਬਾਬਾ ਸਾਹਿਬ ਹਿੰਦੂ ਧਰਮ ਦੇ ਜਾਨੀ ਦੁਸ਼ਮਣ ਬਣ ਗਏ ਸਨ ਕਿਉਂਕਿ ਭੀਮ ਜੀ ਦਾ ਮੰਨਣਾ ਸੀ ਕਿ ਇਹੋ ਧਰਮ ਹੈ ਜੋ ਸਮਾਜਕ ਅਸਮਾਨਤਾ ਨੂੰ ਪੈਦਾ ਕਰਦਾ ਹੈ ਅਤੇ ਪਾਲਦਾ ਪੋਸਦਾ ਹੈ। ਭੀਮ ਜੀ ਨੇ ਇਸ ਸਮਾਜਕ ਨਾ ਬਰਾਬਰਤਾ ਦਾ ਪੂਰਾ ਅਧਿਐਨ ਕੀਤਾ। ਇਸ ਦੌਰਾਨ ਉਨ੍ਹਾਂ ਦਾ ਆਪਣੇ ਮਨ ਨੂੰ ਮਜਬੂਤ ਕਰਕੇ ਧਾਰ ਲਿਆ ਕਿ ਉਹ ਆਪਣੀ ਜਿੰਦਗੀ ਇਨ੍ਹਾਂ ਦੱਬੇ ਕੁਚਲੇ ਲੋਕਾਂ ਨੂੰ ਸਮਾਜਕ ਬਰਾਬਰਤਾ ਦਿਲਵਾਉਣ ਲਈ ਲਗਾ ਦੇਣਗੇ। ਇਸ ਮਿਸ਼ਨ ਦੀ ਪੂਰਤੀ ਵਾਸਤੇ ਉਨਾਂ ਨੇ ਹਰ ਮੁਸੀਬਤ ਦਾ ਸਾਹਮਣਾ ਬੜੀ ਬਹਾਦਰੀ ਨਾਲ ਕੀਤਾ। ਭੀਮ ਰਾਓ ਨੇ ਇਸ ਮਿਸ਼ਨ ਦੀ ਪੂਰਤੀ ਲਈ ਸਖਤ ਮਿਹਨਤ ਕੀਤੀ ਉਹ ਸਾਰੀ ਸਾਰੀ ਰਾਤ ਦੀਵੇ ਦੀ ਲੋਅ ਨਾਲ ਪੜਾਈ ਕਰਦੇ ਰਹਿੰਦੇ ਸਨ। ਭੀਮ ਰਾਓ ਨੇ ਗਰੀਬੀ, ਮਾਰ-ਧਾੜ, ਬੇ-ਇੱਜ਼ਤੀ ਅਤੇ ਹੱਕ ਤਲਫੀ ਸੁਣੀ ਤਾਂ ਦੇਖੀ ਹੀ ਨਹੀਂ ਸੀ ਸਗੋਂ ਉਨਹਾਂ ਨੇ ਆਪ ਇਹ ਸਭ ਕੁੱਖ ਬਰਦਾਸ਼ਤ ਵੀ ਕੀਤਾ ਸੀ। ਜਾਤ ਅਭਿਮਾਨੀਆਂ ਨਾਲ ਟਕਰਾਉਂਦੇ ਹੋਏ, ਗਰੀਬੀ ਅਤੇ ਮੁਹਤਾਜੀ ਦਾ ਮੁਕਾਬਲਾ ਕਰਦੇ ਹੋਏ, ਹਰ ਜੁਲਮ ਅਪਮਾਨ ਅਤੇ ਮੁਸੀਬਤ ਦਾ ਸਾਹਮਣਾ ਕਰਦੇ ਹੋਏ 1907 ਵਿੱਚ ਭੀਮ ਰਾਓ ਨੇ ਮੈਟ੍ਰਿਕ ਪਾਸ ਕਰ ਲਈ। 1907 ਈ. ਵਿੱਚ ਮੈਟ੍ਰਿਕ ਪਾਸ ਕਰਨਾ ਇੱਕ ਅਛੂਤ ਬੱਚੇ ਲਈ ਸੁਧਾਰਨ ਗੱਲ ਨਹੀਂ ਸੀ। ਉਸ ਸਮੇਂ ਬਚਪਨ ਵਿੱਚ ਸ਼ਾਦੀ ਦਾ ਰਿਵਾਜ਼ ਸੀ। ਘੱਟ ਉਮਰ ਵਿੱਚ ਹੀ ਆਪ ਜੀ ਦੀ ਸ਼ਾਦੀ ਕਰ ਦਿੱਤੀ ਗਈ। ਆਪ ਜੀ ਦੀ ਉਮਰ ਉਸ ਵਕਤ 17 ਸਾਲਾਂ ਦੀ ਸੀ। ਆਪ ਜੀ ਦੀ ਪਤਨੀ ਰਾਮਾ ਬਾਈ ਕੇਵਲ 9 ਵਰ੍ਹਿਆਂ ਦੇ ਸਨ। ਇਸ ਥੋੜੇ ਸਮੇਂ ਬਾਅਦ ਭੀਮ ਜੀ ਨੇ ਬੰਬਈ ਦੇ ਐਲਫਿੰਸਟੋਨ ਕਾਲਜ ਵਿੱਚ ਦਾਖਲਾ ਲੈ ਲਿਆ। ਉਨਾਂ ਨੇ ਚਿੱਤ ਲਾ ਕੇ ਪੜਾਈ ਸ਼ੁਰੂ ਕੀਤੀ। ਪ੍ਰੰਤੂ ਬਿਮਾਰ ਕਰਕੇ ਇੱਕ ਸਾਲ ਮਾਰਿਆ ਗਿਆ ਅਤੇ ਦੂਸਰੇ ਸਾਲ ਉਨਾਂ ਨੇ ਇੰਟਰ ਆਰਟਸ (ਐਫ.ਏ) ਪਾਸ ਕਰ ਲਈ ਸੀ।

ਇਸ ਤੋਂ ਬਾਅਦ ਬੜ੍ਹੋਦਾ ਰਿਆਸਤ ਦੇ ਮਹਾਰਾਜਾ ਸਿਆਸੀ ਰਾਓ ਗਾਇਕਵਾੜ ਨੇ ਭੀਮ ਜੀ ਵੱਲ ਆਪਣੇ ਦਾਨੀ ਹੱਥ ਵਧਾ ਦਿੱਤਾ। ਉਨਾਂ ਨੇ ਭੀਮ ਜੀ ਵਾਸਤੇ ਪੱਚੀ ਰੁਪਏ ਪ੍ਰਤਿ ਮਹੀਨਾ ਵਜੀਫਾ ਕਰ ਦਿੱਤਾ। ਇਸ ਮਦੱਦ ਲਈ ਭੀਮ ਰਾਓ ਦੇ ਇੱਕ ਪੁਰਾਣੇ ਅਧਿਆਪਕ ਸ਼੍ਰੀ ਕਲੁਕਸ਼ਕਰ ਦਾ ਬਹੁਤ ਹੱਥ ਸੀ। ਕਾਲਜ ਵਿੱਚ ਪ੍ਰੋਫੈਸਰ ਮਲੂਕ ਨੇ ਵੀ ਭੀਮ ਰਾਓ ਦੀ ਮੱਦਦ ਕੀਤੀ। ਪ੍ਰੋਫੈਸਰ ਸਾਹਿਬ ਆਪ ਜੀ ਨੂੰ ਪੁਸਤਕਾਂ ਅਤੇ ਕੱਪੜੇ ਖ੍ਰੀਦ ਕੇ ਦੇ ਦਿੰਦੇ ਸਨ।

ਕਾਲਜ ਦੀ ਪੜਾਈ ਦੌਰਾਨ ਵੀ ਛੂਆ-ਛਾਤ ਨੇ ਉਨਾਂ ਦਾ ਪਿੱਛਾ ਨਹੀਂ ਛੱਡਆ। ਕਾਲਜ ਦੇ ਹੋਸਟਲ ਵਿੱਚ ਆਪ ਜੀ ਨਾਲ ਹਰ ਵਕਤ ਦੁਰਵਿਵਹਾਰ ਕੀਤਾ ਜਾਂਦਾ ਸੀ। ਆਪ ਜੀ ਨੇ ਆਪਣਾ ਦਿਲ ਮਜਬੂਤ ਕਰਕੇ, ਅਰਥ ਸ਼ਾਸ਼ਤਰ ਅਤੇ ਰਾਜਨੀਤੀ ਸ਼ਾਸਤਰ ਦੇ ਮਜਬੂਨਾਂ ਦੀ ਪੜਾਈ ਕੀਤੀ। ਇਸ ਤੋਂ ਬਾਅਦ ਕੋਲੰਬੀਆ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਮਹਾਰਾਜਾ ਬੜੋਦਾ ਸ਼੍ਰੀ ਸਿਆਸੀ ਰਾਓ ਗਾਇਕਵਾੜ ਦੇ ਸੈਨਿਕ ਸਕੱਤਰ ਨਿਯੁਕਤ ਕੀਤੇ ਗਏ। ਬਾਅਦ ਵਿੱਚ ਆਪ ਜੀ ਨੇ ਬੈਰਿਸਟਰੀ ਦੀ ਡਿਗਰੀ ਦੀ ਪ੍ਰਾਪਤ ਕੀਤੀ। ਇਸ ਦੀ ਪ੍ਰਾਪਤੀ ਲਈ ਆਪ ਗਰੇਜ਼ ਇਨ ਵਿਖੇ ਦਾਖਲ ਹੋਏ। ਜਰਮਨ ਦੀ ਬੋਨ ਯੂਨੀਵਰਸਿਟੀ ਵਿਖੇ ਕੁਝ ਮਹੀਨੇ ਅਧਿਐਨ ਵਿੱਚ ਗੁਜ਼ਾਰੇ। ਡੀ. ਐਸ.ਸੀ. ਦੀ ਡਿਗਰੀ ਪ੍ਰਾਪਤ ਕੀਤੀ। ਬਾਅਦ ਵਿੱਚ ਬੰਬਈ ਵਿਖੇ ਕੁਝ ਸਮਾਂ ਵਕਾਲਤ ਵੀ ਕੀਤੀ। ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਲੋਂ ਆਪ ਜੀ ਨੂੰ ਐਲ.ਐਲ.ਡੀ. ਦੀ ਅਨਰੇਰੀ ਡਿਗਰੀ ਪ੍ਰਾਪਤ ਹੋਈ।

ਡਾ. ਭੀਮ ਰਾਓ ਅੰਬੇਡਕਰ ਜੀ ਦਾ ਸਾਰਾ ਜੀਵਨ ਬਹੁਤ ਹੀ ਸੰਘਰਸ਼ ਭਰਿਆ ਰਿਹਾ। ਮਾਰਚ 1930 ਨੂੰ ਨਾਸਿਕ ਦੇ ਕਾਲਾ ਰਾਮ ਮੰਦਿਰ ਵਿਖੇ ਦਾਖਲੇ ਲਈ 'ਮੰਦਰ ਪ੍ਰਵੇਸ਼ ਮੋਰਚਾ' ਸ਼ੁਰੂ ਕੀਤਾ। ਦਸੰਬਰ ਮਹੀਨੇ ਇਸੇ ਸਾਲ ਹਫ਼ਤਾਵਾਰ 'ਜਨਤਾ' ਅਖ਼ਬਾਰ ਸ਼ੁਰੂ ਕੀਤਾ। ਪਹਿਲੀ ਗੋਲ ਮੇਜ ਕਾਨਫਰੰਸ ਲੰਡਨ ਵਿਖੇ ਆਪਣਾ ਭਾਸ਼ਣ ਦਿੱਤਾ। ਦੂਸਰੀ ਗੋਲ ਮੇਜ ਕਾਨਫਰੰਸ ਵਿਚ ਵੀ ਆਪ ਜੀ ਸ਼ਾਮਿਲ ਹੋਏ। ਤੀਜੀ ਗੋਲ ਮੇਜ ਕਾਨਫਰੰਸ 1933 ਈ. ਨੂੰ ਹੋਈ ਇਸ ਤੋਂ ਬਾਅਦ ਆਪ ਭਾਰਤ ਵਾਪਸ ਪਰਤ ਆਏ। 1932 ਈ. ਨੂੰ ਆਪ ਨੇ ਗੌਰਮਿੰਟ ਲਾ ਕਾਲਜ ਬੰਬਈ ਦੇ ਪ੍ਰਿੰਸੀਪਲ ਦੇ ਅਹੁਦੇ ਦਾ ਕਾਰਜ ਸੰਭਾਲਿਆ। 1936 ਈ. ਵਿਚ ਆਪ ਜੀ ਨੇ ਪੰਜਾਬ ਦੀ ਯਾਤਰਾ ਕੀਤੀ। ਸਿੱਖ ਮਿਸ਼ਨਰੀ ਕਾਨਫਰੰਸ ਵਿਚ ਅੰਮ੍ਰਿਤਸਰ ਵਿਖੇ ਸ਼ਾਮਿਲ ਹੋਏ। ਇਸ ਤੋਂ ਸਵਰਨ ਹਿੰਦੂ ਬੁਰੀ ਤਰ੍ਹਾਂ ਨਾਲ ਚਿੜ ਗਏ। ਸਿੱਟੇ ਵਜੋਂ ਹਿੰਦੂਆਂ ਨੇ ਲਾਹੌਰ ਵਿਖੇ ਮਈ 1936 ਵਿਚ ਹੋਣ ਵਾਲੀ 'ਜਾਤ-ਪਾਤ ਤੋੜਨ ਕਾਨਫਰੰਸ' ਜਿਸ ਦੀ ਪ੍ਰਧਾਨਗੀ ਡਾ. ਅੰਬੇਡਕਰ ਨੇ ਕਰਨੀ ਸੀ, ਸਦਾ ਵਾਸਤੇ ਰੱਦ ਕਰ ਦਿੱਤੀ ਗਈ। ਅਗਸਤ 1937 ਵਿਚ ਆਪ ਜੀ ਨੇ ਇੰਡੀਪੈਂਡੇਟ ਲੇਬਰ ਪਾਰਟੀ ਦੀ ਸਥਾਪਨਾ ਕੀਤੀ। 15.08.1947 ਨੂੰ ਭਾਰਤ ਦੇ ਪਹਿਲੇ ਕਾਨੂੰਨੀ ਮੰਤਰੀ ਦੇ ਪਦ ਦੀ ਸੌਹ ਚੁੱਕੀ। ਅਗਸਤ 1947 ਵਿਚ ਆਪ ਸੰਵਿਧਾਨ ਦੀ ਮੌਜੂਦਾ ਕਮੇਟੀ ਦੇ ਚੇਅਰਮੈਨ ਥਾਪੇ ਗਏ। ਭਾਰਤੀ ਸੰਵਿਧਾਨ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ ਅਤੇ ਛੂਤ-ਛਾਤ ਨੂੰ ਅਪਰਾਧ ਕਰਾਰ ਦੁਆਇਆ। ਕੌਮੀ ਝੰਡੇ ਵਿਚ ਅਸ਼ੋਕ ਚੱਕਰ ਪਾਸ ਕਰਵਾਇਆ। ਸੰਨ 1951 ਫਰਵਰੀ ਨੂੰ ਕੇਂਦਰੀ ਵਿਧਾਨ ਪ੍ਰੀਸ਼ਦ ਵਿਚ 'ਹਿੰਦੂ ਕੋਰ ਬਿੱਲ' ਪੇਸ਼ ਕੀਤਾ। ਨਹਿਰੂ ਮੰਤਰੀ ਮੰਡਲ ਤੋਂ ਕਾਨੂੰਨ ਮੰਤਰੀ ਦੇ ਅਹਿਮ ਪਦ ਤੋਂ ਅਸਤੀਫ਼ਾ ਦੇ ਦਿੱਤਾ। 1952 ਵਿਚ ਆਪ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ 1953 ਵਿਚ ਸਿਧਾਰਥ ਕਾਲਜ ਆਫ਼ ਕਾਮਰਸ ਐਂਡ ਇਕਨਾਮਿਕਸ ਬੰਬਈ ਦੀ ਸਥਾਪਨਾ ਕੀਤੀ। 1956 ਵਿਚ ਸਿਧਾਰਥ ਲਾਅ ਕਾਲਜ ਬੰਬਈ ਦੀ ਸਥਾਪਨਾ ਕੀਤੀ। 14.10.1956 ਨੂੰ ਨਾਗਪੁਰ ਵਿਖੇ ਬੁੱਧ ਕੌਮ ਦੀ ਦੀਖਸ਼ਾ ਲਈ ਅਤੇ ਆਪਣੇ ਲੱਖਾਂ ਪ੍ਰੇਕਾਰਾਂ ਨੂੰ ਬੁੱਧ ਕੌਮ ਦੀ ਦੀਖਸ਼ਾ ਦਿੱਤੀ. ਆਖਰ 06.12.1956 ਨੂੰ ਮਹਾਸਰਿਨਿਰਵਾਨ ਦਾ ਦਿਨ ਆਇਆ।



# Prism Lawyers

*Reliable & Effective Legal Solutions*

- Immigration Services
- Real Estate Sale, Purchase, Refinance (Residential and Commercial)
- Family Law
- Personal Injury
- Wills and Estates
- Incorporation of Business
- All Notary Services
- Sponsorship Letters
- Power of Attorney

- ਇੰਮੀਗ੍ਰੇਸ਼ਨ ਸੇਵਾਵਾਂ
- ਰਿਅਲ ਅਸਟੇਟ ਵੇਚਣਾ, ਖਰੀਦਣਾ ਜਾਂ ਰਿਫਾਇਨਾਂਸ (ਰੈਂਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ)
- ਫੈਮਿਲੀ ਲਾਅ
- ਪਰਸਨਲ ਇੰਜਰੀ
- ਵਿਲਜ਼ ਅਤੇ ਅਸਟੇਟ
- ਕਾਰੋਬਾਰਾਂ ਦੀ ਇਨਕਾਰਪੋਰੇਸ਼ਨ
- ਹਰ ਤਰ੍ਹਾਂ ਦੀਆਂ ਨੌਟਰੀ ਸੇਵਾਵਾਂ
- ਸਪਾਂਸਰਸ਼ਿਪ ਲੈਟਰਜ਼
- ਪਾਵਰ ਆਫ਼ ਅਟਾਰਨੀ





**Rupinder Randhawa**
Barrister and Solicitor

**Prism Law Corporation**
Unit 349 – 8140 128 St.
Surrey, BC V3W 1R1

**T: (778) 683 2130**
F: (888) 512 6566
ask@prismlawyers.com

# Filmy ਸਮਾਚਾਰ

## ਜਾਪਾਨ 'ਚ 10 ਲੱਖ ਤੋਂ ਵੱਧ ਲੋਕਾਂ ਨੇ ਦੇਖੀ 'ਆਰਆਰਆਰ'




ਮੁੰਬਈ-ਫਿਲਮ ਨਿਰਦੇਸ਼ਕ ਐੱਸ.ਐੱਸ ਰਾਜਾਮੌਲੀ ਦੀ ਫਿਲਮ 'ਆਰਆਰਆਰ' ਨੂੰ ਜਾਪਾਨ ਵਿੱਚ 10 ਲੱਖ ਤੋਂ ਵੱਧ ਲੋਕ ਦੇਖ ਚੁੱਕੇ ਹਨ। 'ਆਰਆਰਆਰ' ਅਜਿਹਾ ਰਿਕਾਰਡ ਕਾਇਮ ਕਰਨ ਵਾਲੀ ਪਹਿਲੀ ਭਾਰਤੀ ਫਿਲਮ ਹੈ। ਅਦਾਕਾਰ ਰਾਮ ਚਰਨ ਅਤੇ ਐੱਨਟੀਆਰ ਜੂਨੀਅਰ ਦੀ ਇਹ ਫਿਲਮ ਪਿਛਲੇ ਸਾਲ ਅਕਤੂਬਰ ਵਿੱਚ ਰਿਲੀਜ਼ ਹੋਈ ਸੀ। ਫਿਲਮ ਦੇ ਅਧਿਕਾਰਤ ਟਵਿੱਟਰ ਹੈਂਡਲ ਨੇ ਟਵੀਟ ਕੀਤਾ ਕਿ ਜਾਪਾਨ ਵਿੱਚ 164 ਦਿਨਾਂ 'ਚ 10 ਲੱਖ ਲੋਕ ਇਹ ਫਿਲਮ ਦੇਖ ਚੁੱਕੇ ਹਨ। ਇਸੇ ਤਰ੍ਹਾਂ ਰਾਜਾਮੌਲੀ ਨੇ ਟਵੀਟ ਕੀਤਾ, "10 ਲੱਖ ਜਾਪਾਨੀ ਪ੍ਰਸ਼ੰਸਕਾਂ ਨੇ ਫਿਲਮ ਦਾ ਆਨੰਦ ਲਿਆ।" ਜ਼ਿਕਰਯੋਗ ਹੈ ਕਿ ਫਰਵਰੀ ਵਿੱਚ 'ਆਰਆਰਆਰ' ਦੇ ਗੀਤ 'ਨਾਟੂ ਨਾਟੂ' ਨੂੰ ਮੂਲ ਗੀਤ ਦੀ ਸ਼੍ਰੇਣੀ ਵਿੱਚ ਆਸਕਰ ਐਵਾਰਡ ਨਾਲ ਸਨਮਾਨਿਆ ਗਿਆ ਸੀ। ਇਸ ਤੋਂ ਇਲਾਵਾ ਫਿਲਮ ਨੂੰ ਗੋਲਡਨ ਗਲੋਬ ਅਤੇ ਕ੍ਰਿਟਿਕਸ ਚੁਆਇਸ ਐਵਾਰਡ ਵੀ ਮਿਲ ਚੁੱਕੇ ਹਨ। ਫਿਲਮ ਵਿੱਚ ਅਜੈ ਦੇਵਗਨ, ਆਲੀਆ ਭੱਟ ਅਤੇ ਸ਼੍ਰੇਆ ਸਰਨ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਇਹ ਫਿਲਮ ਦੋ ਭਾਰਤੀ ਕ੍ਰਾਂਤੀਕਾਰੀਆਂ ਅਲੂਰੀ ਸੀਤਾਰਾਮ ਰਾਜੂ ਅਤੇ ਕੋਮਾਰਾਮ ਭੀਮ ਵੱਲੋਂ ਬਰਤਾਨਵੀ ਰਾਜ ਵਿਰੁੱਧ ਲੜੀ ਗਈ ਲੜਾਈ 'ਤੇ ਆਧਾਰਿਤ ਹੈ।

## ਨਿਕੋਲ ਕਿਡਮੈਨ ਨਾਲ ਕੰਮ ਕਰੇਗਾ ਇਸ਼ਾਨ ਖੱਟਰ

ਮੁੰਬਈ-ਅਦਾਕਾਰ ਇਸ਼ਾਨ ਖੱਟਰ ਨੈੱਟਫਲਿਕਸ ਦੀ ਫਿਲਮ 'ਦਿ ਪਰਫੈਕਟ ਕਪਲ' ਵਿੱਚ ਅਦਾਕਾਰਾ ਨਿਕੋਲ ਕਿਡਮੈਨ ਨਾਲ ਦਿਖਾਈ ਦੇਵੇਗਾ। ਇਸ਼ਾਨ ਇਸ ਫਿਲਮ ਵਿੱਚ ਲਾੜੇ ਦੇ ਜਿਗਰੀ ਦੋਸਤ 'ਸ਼ੂਟਰ ਦੀਵਾਲ' ਦੀ ਭੂਮਿਕਾ ਨਿਭਾਵੇਗਾ। ਇਸ ਫਿਲਮ ਵਿੱਚ ਲੀਵ ਸ਼ਰਾਈਬਰ, ਡਕੋਟਾ ਫੈਨਿੰਗ ਤੇ ਹੋਰ ਅਦਾਕਾਰ ਵੀ ਕੰਮ ਕਰ ਰਹੇ ਹਨ। ਇਹ ਜਾਣਕਾਰੀ ਇਸ਼ਾਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀ ਕਰਦਿਆਂ ਲਿਖਿਆ ਹੈ, 'ਨਵੀਂ ਸ਼ੁਰੂਆਤ।' ਨੈੱਟਫਲਿਕਸ ਵੱਲੋਂ ਵੀ ਇਸ ਮੌਕੇ ਫਿਲਮ ਦੀ ਕਾਸਟ ਦਾ ਐਲਾਨ ਕਰਦਿਆਂ ਇਸ ਨੂੰ ਫਿਲਮ ਲਈ ਸਭ ਤੋਂ ਵਧੀਆ ਚੋਣ ਦੱਸਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸ਼ਾਨ ਨੇ ਮੀਰਾ ਨਾਇਰ ਨਾਲ 'ਦਿ ਸੂਟੇਬਲ ਬੁਆਏ' ਵਿੱਚ ਵੀ ਕੰਮ ਕੀਤਾ ਸੀ। ਅਦਾਕਾਰ ਪਿਛਲੀ ਵਾਰ ਕੈਟਰੀਨਾ ਕੈਫ਼ ਤੇ ਸਿਧਾਂਤ ਚਤੁਰਵੇਦੀ ਨਾਲ ਫਿਲਮ 'ਫੋਨ ਭੂਤ' ਵਿੱਚ ਦਿਖਾਈ ਦਿੱਤਾ ਸੀ।








## 'ਕੈਰੀ ਆਨ ਜੱਟਾ-3' ਦਾ ਪੋਸਟਰ ਰਿਲੀਜ਼

ਮੁੰਬਈ-ਪੰਜਾਬੀ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਦੀ ਆਉਣ ਵਾਲੀ ਕਾਮੇਡੀ ਫਿਲਮ 'ਕੈਰੀ ਆਨ ਜੱਟਾ 3' ਦਾ ਅੱਜ ਮੋਸ਼ਨ ਪੋਸਟਰ ਰਿਲੀਜ਼ ਕੀਤਾ ਗਿਆ। ਗਿੱਪੀ ਨੇ ਇੰਸਟਾਗ੍ਰਾਮ 'ਤੇ ਪੋਸਟਰ ਸਾਂਝਾ ਕਰਦਿਆਂ ਲਿਖਿਆ, "ਅਸੀਂ ਤਿੰਨ ਗੁਣਾ ਵੱਧ ਮਨੋਰੰਜਨ ਲੈ ਕੇ ਹਾਜ਼ਰ ਹਾਂ। ਪੇਸ਼ ਹੈ 'ਕੈਰੀ ਆਨ ਜੱਟਾ 3' ਦੀ ਪਹਿਲੀ ਝਲਕ। ਸਿਨੇਮਾ ਘਰਾਂ ਵਿੱਚ ਫਿਲਮ 29 ਜੂਨ ਨੂੰ ਰਿਲੀਜ਼ ਹੋਵੇਗੀ।" ਸਮੀਪ ਕੰਗ ਦੇ ਨਿਰਦੇਸ਼ਨ ਹੇਠ ਬਣੀ ਇਸ ਫਿਲਮ ਵਿੱਚ ਗਿੱਪੀ ਗਰੇਵਾਲ ਤੋਂ ਇਲਾਵਾ ਸੋਨਮ ਬਾਜਵਾ, ਬਿਨੂ ਢਿੱਲੋਂ, ਜਸਵਿੰਦਰ ਭੱਲਾ ਅਤੇ ਗੁਰਪ੍ਰੀਤ ਘੁੱਗੀ ਵੀ ਮੁੱਖ ਕਿਰਦਾਰਾਂ 'ਚ ਨਜ਼ਰ ਆਉਣਗੇ। ਇਹ ਫਿਲਮ ਗਿੱਪੀ ਗਰੇਵਾਲ ਦੇ ਭਰਾ ਸਿੱਪੀ ਗਰੇਵਾਲ ਦੇ ਬੈਨਰ 'ਸਿੱਪੀ ਗਰੇਵਾਲ ਪ੍ਰੋਡਕਸ਼ਨਜ਼' ਹੇਠ ਰਿਲੀਜ਼ ਹੋਵੇਗੀ। ਫਿਲਮ ਦੇ ਪਹਿਲੇ ਭਾਗ ਵਿੱਚ ਗਿੱਪੀ ਦੇ ਨਾਲ ਅਦਾਕਾਰਾ ਮਾਹੀ ਗਿੱਲ ਮੁੱਖ ਭੂਮਿਕਾ 'ਚ ਨਜ਼ਰ ਆਈ ਸੀ ਅਤੇ ਦੂਜੇ ਭਾਗ ਵਿੱਚ ਮਾਹੀ ਦੀ ਜਗ੍ਹਾ ਸੋਨਮ ਬਾਜਵਾ ਨੇ ਲੈ ਲਈ ਸੀ। ਇਨ੍ਹਾਂ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ।


# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca




LOWEST PRICES IN TOWN

EXTRA EXTRA SUPER SPECIAL
Available Only at Fruiticana
Rajan Haden Mangoes 4 kg
ਰਾਜਨ ਹੇਡਨ ਅੰਬ
$16.99 box

EXTRA SUPER SUPER SPECIAL
Roma & Reg. Round Tomatoes
ਰੋਮਾ ਜਾਂ ਗੋਲ ਟਮਾਟਰ
88¢ lb

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

SUPER SPECIAL
Red Onions 25 lbs
ਲਾਲ ਗੰਢੇ
$9.98 bag

SUPER SPECIAL
Pink Lady Apples USA#1
ਪੀਂਕ ਲੇਡੀ ਐਪਲ ਯੂ.ਐਸ. #੧
99¢ lb

SUPER SPECIAL
Cilantro
ਧਨੀਆ
2 bunches for 99¢

Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਨ)
$3.88 bag

Rooh Afza Indian 750 ml
ਰੂਹ ਅਫਜ਼ਾ
$3.99 bottle

SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb

SUPER SPECIAL
Yellow Onions 50 lbs
ਪੀਲੇ ਗੰਢੇ
$11.98 bag

SUPER SPECIAL
Spinach
ਪਾਲਕ
$1.49 bunch

Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb

Indican Assam Tea 216's
ਇੰਡੀਕੈਨ ਅਸਾਮ ਚਾਹ
$7.99 box

Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag

Fresh Garlic
ਤਾਜ਼ਾ ਲਸਣ
98¢ lb

Desi Karela
ਦੇਸੀ ਕਰੇਲਾ
$1.99 lb

Gachak Indican 400 g
ਇੰਡੀਕੈਨ ਗੱਚਕ
$1.99 pkg.

Almonds #1
ਬਦਾਮ
$3.98 lb

Rapini (Sarson da Saag)
ਸਰਸੋਂ ਦਾ ਸਾਗ
$2.98 bunch

Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50

Daikon (Moli)
ਮੂਲੀ
99¢ lb

Sohna Saag 850 g
ਸੋਹਨਾ ਪਾਲਕ 850g
$2.99 can

Sher Besan (Chana Flour) 4lbs
ਸ਼ੇਰ ਵੇਸਣ
$3.98 bag

Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb

Zucchini Squash
ਜ਼ੁਕੀਨੀ ਸਕੁਐਸ਼
88¢ lb

Indiasay Brown Basmati Rice 8 lbs
ਇੰਡਿਆਸੇ ਬਰਾਊਨ ਰਾਈਸ
$9.99 bag

Red Lentil Whole Red Lentil Split Black Chana & Chana Dal
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ
98¢ lb

Thur Apr 06, 2023 - Thur Apr 13, 2023
We reserve the right to limit the quantities while they last
Specials valid for Lower Mainland only
Product images may differ from the actual product.

22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |

# Happy Vaisakhi!

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ



## HON. HARJIT SAJJAN

Member of Parliament - Vancouver South

Ph.: 604-775-5323 | Harjit.Sajjan@parl.gc.ca